International Journal of Applied Research 2016; 2(6): 707-711




**ISSN Print:** 2394-7500
**ISSN Online:** 2394-5869
**Impact Factor:** 5.2
IJAR 2016; 2(6): 707-711
www.allresearchjournal.com
Received: 22-04-2016
Accepted: 23-05-2016

**ਜਸਦੀਪ ਕੌਰ**
ਸਹਾਇਕ ਪ੍ਰੋਫੈਸਰ, ਗੁਰੂ ਨਾਨਕ ਕਾਲਜ ਬੁਢਲਾਡਾ, ਪੰਜਾਬ, ਭਾਰਤ

**Correspondence**
**ਜਸਦੀਪ ਕੌਰ**
ਸਹਾਇਕ ਪ੍ਰੋਫੈਸਰ, ਗੁਰੂ ਨਾਨਕ ਕਾਲਜ ਬੁਢਲਾਡਾ, ਪੰਜਾਬ, ਭਾਰਤ

# ਟਿਵਾਣਾ ਦੇ ਵਿਭਿੰਨ ਨਾਵਲ ਗਲਪਕਾਰੀ ਦੇ ਵਿਕਾਸ ਦੇ ਸੂਚਕ

**ਜਸਦੀਪ ਕੌਰ**

**ਸਾਰੰਸ਼**
ਦਲੀਪ ਕੌਰ ਟਿਵਾਣਾ ਦੇ ਵਿਭਿੰਨ ਨਾਵਲ ਉਸ ਦੀ ਗਲਪਕਾਰੀ ਦੇ ਵਿਕਾਸ ਦੇ ਸੂਚਕ ਹਨ। ਉਸ ਦਾ ਹਰ ਨਾਵਲ ਇਕ ਨਵੇਂ ਥੀਮ ਨਾਲ ਸਾਕਾਰ ਹੁੰਦਾ ਹੈ। ਸਮਾਜਕ ਅਤੇ ਮਾਨਸਿਕ ਧਰਾਤਲ ਉਪਰ ਜੋ ਪਰਿਵਰਤਨ ਵਾਪਰਦਾ ਹੈ, ਉਸ ਪਰਿਵਰਤਨ ਨੂੰ ਉਸਦੇ ਨਾਵਲਾਂ ਵਿਚੋਂ ਲੱਭਿਆ ਜਾ ਸਕਦਾ ਹੈ। ਔਰਤ ਹੋਣ ਦੀ ਸਥਿਤੀ ਵਿਚ ਲੇਖਕਾ ਨੇ ਔਰਤ ਦੀ ਦਾਸਤਾਂ ਨੂੰ ਵਿਭਿੰਨ ਝਰੋਖਿਆਂ ਰਾਹੀਂ ਉਜਾਗਰ ਕਰਕੇ ਉਸਦੀ ਚੇਤਨਾ ਦੇ ਵਿਕਾਸ ਦੇ ਰਹੱਸਾਂ ਨੂੰ ਉਜਾਗਰ ਕੀਤਾ ਹੈ। ਉਸ ਦੇ ਨਾਵਲ ਇਸ ਤੱਥ ਦਾ ਪ੍ਰਮਾਣ ਹਨ ਕਿ ਔਰਤ ਸਥਿਤੀਆਂ ਦੀ ਜਕੜ ਵਿਚ ਤ੍ਰਾਸਦੀ ਹੋਣੀ ਭੋਗਦਿਆਂ ਵੀ ਸ੍ਵੈ-ਹੋਂਦ ਨੂੰ ਅਰਥ ਦੇਂਦੀ ਹੈ। ਇਹ ਚੇਤਨਾ ਉਸ ਦੇ ਪਹਿਲੇ ਨਾਵਲ ਤੋਂ ਲੈ ਕੇ ਆਖਰੀ ਨਾਵਲ ਤੀਕ ਵਿਭਿੰਨ ਪ੍ਰਸੰਗਾਂ ਰਾਹੀਂ ਪ੍ਰਗਟ ਹੋਈ ਹੈ। ਦਲੀਪ ਕੌਰ ਟਿਵਾਣਾ ਨੇ ਆਪਣੇ ਇਸ ਨਾਵਲ ਵਿਚ ਪਰੰਪਰਾਗਤ ਅਤੇ ਆਧੁਨਿਕ ਦੋਹਾਂ ਹੀ ਵਿਚਾਰਧਾਰਾਵਾਂ ਨੂੰ ਆਪਣੇ ਪਾਤਰਾਂ ਰਾਹੀਂ ਟਕਰਾਓ ਦੇ ਰੂਪ ਵਿਚ ਪੇਸ਼ ਕੀਤਾ ਹੈ। ਨਾਵਲ ਦੀ ਮੁੱਢਲੀ ਯਾਤਰਾ ਸੁਭਾਵਿਕ ਰੂਪ ਵਿਚ ਹੀ ਚਲਦੀ ਹੈ ਪਰ ਚੈਰੀ ਦੀ ਮੌਤ ਤੋਂ ਬਾਅਦ ਨਾਵਲ ਅਸੁਭਾਵਿਕਤਾ ਵੱਲ ਵਧਦਾ ਨਜ਼ਰ ਆਉਂਦਾ ਹੈ। ਟਵਿੰਕਲ ਦਾ ਆਨੰਦ ਤੇ ਸ਼ੱਕ ਕਰਨਾ ਕੋਈ ਸਾਧਾਰਨ ਗੱਲ ਨਹੀਂ ਜਾਪਦੀ। ਟਵਿੰਕਲ ਨੂੰ ਅਜਿਹੇ ਸ਼ੱਕ ਦਾ ਆਧਾਰ ਕਿਥੋਂ ਪ੍ਰਾਪਤ ਹੋਇਆ ? ਇਸ ਦੀ ਚਰਚਾ ਕਰਨਾ ਲੇਖਕਾ ਭੁਲ ਹੀ ਗਈ। ਟਵਿੰਕਲ ਨੇ ਆਨੰਦ ਨੂੰ ਹੀ ਕਸੂਰਵਾਰ ਕਿਉਂ ਮੰਨਿਆ ਜਦੋਂ ਕਿ ਚੈਰੀ ਵੀ ਇਸ ਵਿਚ ਬਰਾਬਰ ਦੀ ਹੱਕਦਾਰ ਸੀ, ਭਾਵ ਕਿ ਆਨੰਦ ਨਾਲ ਜਾਣ ਦੀ ਹਾਮੀ ਚੈਰੀ ਨੇ ਆਪ ਭਰੀ ਸੀ। ਦਲੀਪ ਕੌਰ ਟਿਵਾਣਾ ਨੇ ਇਸ ਨਾਵਲ ਵਿਚ ਇਸਤਰੀ ਪੁਰਸ਼ ਸੰਬੰਧਾਂ ਅਤੇ ਪਰਿਵਾਰਕ ਰਿਸ਼ਤਿਆਂ ਦੇ ਇਰਦ-ਗਿਰਦ ਫੈਲੇ ਹੋਏ ਵਿਚਾਰਧਾਰਾਈ ਧਰਾਤਲ ਨੂੰ ਫਰੋਲਣ ਦਾ ਉਪਰਾਲਾ ਕੀਤਾ ਗਿਆ ਹੈ। ਦਲੀਪ ਕੌਰ ਟਿਵਾਣਾ ਦੇ ਗਲਪੀ ਜਗਤ ਦੀ ਇਹ ਵਿਸ਼ੇਸ਼ਤਾ ਹੈ ਕਿ ਉਹ ਪਾਠਕਾਂ ਨੂੰ ਬੌਧਿਕ ਤੌਰ 'ਤੇ ਹੀ ਪ੍ਰਭਾਵਿਤ ਨਹੀਂ ਕਰਦੀ ਸਗੋਂ ਭਾਵੁਕ ਤੌਰ 'ਤੇ ਵੀ ਉਨ੍ਹਾਂ ਨਾਲ ਜੁੜ ਸਕਣ ਦੀ ਸਮਰੱਥਾ ਰਖਦੀ ਹੈ।

**ਮੁੱਖ ਸਬਦ:** ਗਲਪਕਾਰੀ, ਵੇਦਨਾ, ਵਿਅੰਗ, ਤ੍ਰਾਸਦਿਕ ਸੰਵੇਦਨਾ, ਲਾਲਸਾ ਆਦਿ।

## Introduction

ਦਲੀਪ ਕੌਰ ਟਿਵਾਣਾ ਦੀ ਗਲਪਕਾਰੀ ਗਿਣਤੀ ਅਤੇ ਗੁਣ ਪੱਖੋਂ ਗਹਿਰ ਗੰਭੀਰ ਪ੍ਰਾਪਤੀ ਹੈ। ਉਸ ਦੀ ਇਸ ਰਚਨਾਤਮਕ ਪ੍ਰਾਪਤੀ ਅਤੇ ਔਰਤ ਦੇ ਪ੍ਰਸੰਗ ਵਿਚ ਜੋ ਚੇਤਨਾ ਦਾ ਵਿਕਾਸ ਹੋਇਆ ਹੈ, ਉਹ ਉਸ ਦੇ ਨਾਵਲਾਂ ਵਿਚੋਂ ਕ੍ਰਮਵਾਰ ਦੇਖਣ ਦਾ ਜਤਨ ਕਰਾਂਗੇ।

'ਅਗਨੀ ਪ੍ਰੀਖਿਆ' ਦਲੀਪ ਕੌਰ ਟਿਵਾਣਾ ਦੀ ਪ੍ਰਥਮ ਨਾਵਲੀ ਰਚਨਾ ਹੈ। ਇਸ ਰਚਨਾ ਵਿਚ ਮਨੁੱਖੀ ਰਿਸ਼ਤਿਆਂ ਅੰਦਰ ਪੈਦਾ ਹੋਈ ਗੜਬੜ ਨੂੰ ਔਰਤ ਦੀ ਤ੍ਰਾਸਦੀ ਦਾ ਕਾਰਣ ਦੱਸਿਆ ਹੈ। ਜਾਗੀਰਦਾਰੀ ਸਿਸਟਮ ਵਿਚ ਔਰਤ ਦੀ ਸਥਿਤੀ ਪਰੰਪਰਾ ਨਾਲ ਬੱਝੀ ਹੋਈ ਧਿਰ ਵਾਂਗ ਹੈ, ਜੋ ਮਾਪਿਆਂ ਵਲੋਂ ਲੱਭੇ ਰਿਸ਼ਤੇ ਨੂੰ ਠੁਕਰਾਉਣ ਦੀ ਸਥਿਤੀ ਵਿਚ ਨਹੀਂ ਹੁੰਦੀ ਹੈ। ਮਰਦ ਪ੍ਰਧਾਨ ਸਮਾਜ ਵਿਚ ਔਰਤ ਦੀਆਂ ਰੀਝਾਂ ਅਤੇ ਜਜ਼ਬੇ ਜਿਸ ਬੇਦਰਦੀ ਨਾਲ ਕੁਚਲ ਦਿੱਤੇ ਜਾਂਦੇ ਹਨ, ਉਸ ਦਾ ਪ੍ਰਮਾਣਕ ਗਲਪੀ ਬਿੰਬ ਇਸ ਨਾਵਲ ਵਿਚੋਂ ਦੇਖਿਆ ਜਾ ਸਕਦਾ ਹੈ। ਨਾਵਲ ਵਿਚੋਂ ਇਨ੍ਹਾਂ ਸ਼ਬਦਾਂ ਰਾਹੀਂ ਔਰਤ ਦੀ ਤ੍ਰਾਸਦੀ ਵਿਰੁੱਧ ਬੋਲ ਜਾਗਦਾ ਹੈ, ਕਿ:—

> ''ਬਸ ਇੰਨੀ ਹੀ ਗੱਲ ਉਤੇ ਕਿ ਉਹ ਬਾਬਲ ਦੀ ਸਹੇੜ ਹੈ, ਉਸ ਨੂੰ ਨਿੰਦਿਆ ਨਹੀਂ ਜਾਂਦਾ ? ਭਾਵੇਂ ਉਹ ਅੰਨ੍ਹਾ ਕਾਣਾ, ਛੁੱਡਾ ਲੰਗੜਾ, ਵੈਲੀ ਐਬੀ ਕੁਝ ਵੀ ਹੋਵੇ। ਇਹ ਕੀ ਬਕਵਾਸ ਹੈ ਕਿ ਬਾਬਲ ਦੀ ਸਹੇੜ ਖ਼ਾਤਰ ਉਮਰ ਗਾਲ ਲਈ ਜਾਵੇ।''[1]

ਨਾਵਲ 'ਅਗਨੀ ਪ੍ਰੀਖਿਆ' ਦੇ ਆਰ ਪਾਰ ਮਨਦੀਪ ਦੀ ਤ੍ਰਾਸਦ ਵੇਦਨਾ ਦੇ ਵੇਰਵੇ ਹਨ, ਜੋ ਵਿਭਿੰਨ ਮਰਦਾਂ ਦੀ ਪਕੜ ਵਿਚ ਅਸਾਵੇਂ ਰਿਸ਼ਤੇ ਭੋਗਣ ਲਈ ਮਜਬੂਰ ਕੀਤੀ ਜਾਂਦੀ ਹੈ। ਸਿਸਟਮ ਦੀ ਜਕੜ ਅਜਿਹੀ ਹੈ ਕਿ ਉਹ ਰੂਹ ਦੇ ਰਿਸ਼ਤੇ ਤੋਂ ਨਿਖੇੜ ਦਿੱਤੀ ਜਾਂਦੀ ਹੈ। ਉਸ ਦੀ ਪਹਿਲੀ ਪ੍ਰੀਤ ਹਰਦੇਵ ਨਾਲ ਸੀ, ਜਿਸ ਨੂੰ ਉਸਦੇ ਮਾਪਿਆਂ ਨੇ ਉਸ ਨਾਲੋਂ ਰਿਸ਼ਤਾ ਤੋੜ ਕੇ ਦੁੱਖ ਦੀ ਖੱਡ ਵਿਚ ਧਕੇਲ ਦਿੱਤਾ। ਫਲਸਰੂਪ ਉਸ ਦਾ ਵਿਆਹ ਇਕ ਨਿਪੁੰਸਕ ਮਰਦ ਜਗਪਾਲ ਨਾਲ ਹੁੰਦਾ ਹੈ ਜੋ ਉਸ ਦੇ ਜਜ਼ਬਿਆਂ ਨੂੰ ਮਿੱਟੀ ਵਿਚ ਰੋਲ ਦਿੰਦਾ ਹੈ। ਉਸ ਦੇ ਅੰਤਰ ਮਨ ਵਿਚ ਜਦੋਂ ਵੀ ਹਰਦੇਵ ਦੀ ਯਾਦ ਆਉਂਦੀ ਹੈ ਤਾਂ ਉਸ ਦਾ ਅੰਦਰ ਰੁੱਗ ਨਾਲ ਭਰ ਜਾਂਦਾ ਹੈ। ਬੀਮਾਰ ਮਾਨਸਿਕਤਾ ਵਾਲਾ ਜਗਪਾਲ ਉਸ ਨੂੰ ਔਲਾਦ ਪ੍ਰਾਪਤੀ ਲਈ ਜਦੋਂ ਦੂਜੇ ਮਰਦ ਕੋਲ ਜਾਣ ਲਈ ਕਹਿੰਦਾ ਹੈ ਤਾਂ ਉਹ ਅੰਦਰੋਂ ਬਾਹਰ ਫੁੱਟ ਜਾਂਦੀ ਹੈ। ਇਸ ਨਾਵਲ ਵਿਚ ਜਗਪਾਲ ਪਤੀ ਬਣਕੇ, ਜਸਬੀਰ ਮਤਰੇਆ ਭਰਾ ਹੋ ਕੇ

ਅਤੇ ਸ਼ਿਵ ਕਲਾਕਾਰੀ ਪ੍ਰਪੰਚ ਵਜੋਂ ਮਨਦੀਪ ਦੀਆਂ ਸੱਧਰਾਂ ਅਤੇ ਰੀਝਾਂ ਨਾਲ ਖਿਲਵਾੜ ਕਰਦੇ ਹਨ। ਮਨਦੀਪ ਦੇ ਦਰਦ ਦਾ ਕਾਰਣ ਇਹ ਹੈ ਕਿ ਉਹ ਆਪਣੇ ਘਰ ਅਤੇ ਪੂਰਨ ਮਰਦ ਦੀ ਤਲਾਸ਼ ਵਿਚ ਹੈ। ਹਰ ਸਥਿਤੀ ਵਿਚ ਉਸਨੂੰ ਅਗਨੀ ਪ੍ਰੀਖਿਆ ਦੇਣੀ ਪਈ ਹੈ। ਇਸ ਨਾਵਲ ਵਿਚੋਂ ਲੇਖਿਕਾ ਨੇ ਔਰਤ ਦੇ ਉਸ ਦਰਦ ਦੀ ਰੇਖਾਕਾਰੀ ਕੀਤੀ ਹੈ ਜੋ ਮਰਦ ਪ੍ਰਧਾਨ ਸਮਾਜ ਵਿਚ ਉਸਦੀ ਹੋਣੀ ਬਣ ਜਾਂਦਾ ਹੈ। ਇਹ ਨਾਵਲ ਇਸ ਤੱਥ ਦਾ ਵੀ ਪ੍ਰਤੀਕ ਹੈ ਕਿ ਭਾਰਤੀ ਔਰਤ ਕਈ ਯੁੱਗਾਂ ਤੋਂ ਆਪਣੀ ਅਗਨੀ ਪ੍ਰੀਖਿਆ ਦੇਂਦੀ ਹੈ। ਦਲੀਪ ਕੌਰ ਟਿਵਾਣਾ ਨਾਵਲ ਦੇ ਪਹਿਲੇ ਪੰਨੇ ਉਪਰ ਲਿਖਦੀ ਹੈ ਕਿ:ਜ਼

> ''ਇਹ ਕਹਾਣੀ ਉਨ੍ਹਾਂ ਪਲਾਂ ਦਾ ਜ਼ਿਕਰ ਕਰਦੀ ਹੈ, ਜਦੋਂ ਜ਼ਿੰਦਗੀ ਦੇਣ ਤੇ ਜ਼ਿੰਦਗੀ ਲੈਣ ਵਾਲੀ ਅਗਨੀ ਕਿਸੇ ਨੂੰ ਆਪਣੀ ਲਪੇਟ ਵਿਚ ਲੈ ਲੈਂਦੀ ਹੈ।''[2]
> ਨਿਰਸੰਦੇਹ ਇਸ ਨਾਵਲ ਵਿਚ ਔਰਤ ਦੀ ਜ਼ਿੰਦਗੀ ਅਗਨ-ਪ੍ਰੀਖਿਆ ਵਿਚੋਂ ਗੁਜ਼ਰਦੀ ਹੋਈ ਫਨਾਹ ਹੁੰਦੀ ਹੈ।

ਡਾ. ਤਾਰਾ ਸਿੰਘ ਭਾਨੋ ਦੇ ਜੀਵਨ ਵਿਚ ਉਸ ਔਰਤ ਦਾ ਬਿੰਬ ਦੇਖਦਾ ਹੈ ਜੋ ਅਣਹੋਂਦ ਤੋਂ ਹੋਂਦ ਵੱਲ ਤਾਂਘ ਦਾ ਸਫ਼ਰ ਹੈ। ਉਸਦੇ ਸ਼ਬਦਾਂ ਵਿਚ, ''ਭਾਨੋ ਦਾ ਜੀਵਨ ਔਰਤ ਦੀ ਅਣਹੋਂਦ (ਟਰਅ ਲਕਜਅਪ) ਤੋਂ ਹੋਂਦ (ਨਕਜਅਪ) ਵੱਲ ਤਾਂਘ ਦਾ ਸਫ਼ਰ ਹੈ। ਸਮਾਜਕ/ਆਰਥਕ ਤੌਰ ਤੇ ਉਸਦੀਆਂ ਗਤੀਵਿਧੀਆਂ ਨੂੰ ਆਪਣੀ ਲੋੜ ਅਨੁਸਾਰ ਨਿਰਧਾਰਿਤ ਕਰਦੀ ਹੋਈ ਉਸਦੀ ਮਨੁੱਖੀ ਹੋਂਦ ਨੂੰ ਹੀ ਸਵੀਕਾਰਨ ਤੋਂ ਇਨਕਾਰੀ ਹੋ ਜਾਂਦੀ ਹੈ। ਭਾਨੋ ਆਪਣੀ ਮਨੁੱਖੀ ਹੋਂਦ ਦੀ ਸਵੀਕ੍ਰਿਤੀ ਲਈ ਯਤਨਸ਼ੀਲ ਹੈ ਜਿਹੜੀ ਸਮਾਜਕ ਪ੍ਰਬੰਧ ਦੁਆਰਾ ਮਿਥੀਆਂ ਹੱਦ-ਬੰਦੀਆਂ ਨੂੰ ਉਲੰਘਣ ਦੇ ਸਰਲ, ਸਾਧਾਰਨ ਤੇ ਬਾਹਰਮੁਖੀ ਸਾਧਨ ਨਹੀਂ ਅਪਣਾਉਂਦੀ ਸਗੋਂ ਇਕ ਅੰਤਰਮੁਖੀ ਸੂਖਮ ਤੇ ਵਿਸ਼ਾਲ ਵਿਦਰੋਹ ਵਿਚ ਜੀਉਂਦੀ ਪ੍ਰਤੀਤ ਹੁੰਦੀ ਹੈ। ਇਸੇ ਕਰਕੇ ਉਸਦੀ ਬਿੰਬਕਾਰੀ ਵਿਚੋਂ ਉਸਦੇ ਬੋਲਾਂ ਨਾਲੋਂ ਹਾਵ-ਭਾਵ ਤੇ ਚੁੱਪ ਵਧੇਰੇ ਬੋਲਦੀ ਪ੍ਰਤੀਤ ਹੁੰਦੀ ਹੈ।''[3]

ਭਾਨੋ ਦੇ ਚਰਿੱਤਰ ਦੀ ਸ਼ਕਤੀ ਇਹ ਹੈ ਕਿ ਉਹ ਅਣਚਾਹੀਆਂ ਸਥਿਤੀਆਂ ਵਿਚ ਵੀ ਜੀਊਣ ਦਾ ਰਾਹ ਲੱਭ ਲੈਂਦੀ ਹੈ। ਸਰਵਣ ਦੀ ਮੌਤ ਬਾਅਦ ਉਹ ਜਿਵੇਂ ਟੁੱਟਦੀ ਹੈ, ਇੰਜ ਪ੍ਰਤੀਤ ਹੁੰਦਾ ਹੈ ਕਿ ਉਹ ਕਦੀ ਵੀ ਜੀਵਨ ਨਾਲ ਜੁੜ ਨਹੀਂ ਸਕੇਗੀ ਪਰੰਤੂ ਨਰੈਣੇ ਅਮਲੀ ਦੇ ਸਹਾਰੇ ਉਹ ਫਿਰ ਜੀਵਨ ਨਾਲ ਜੁੜ ਜਾਂਦੀ ਹੈ। ਉਸਦੀ ਤ੍ਰਾਸਦੀ ਜੁੜਣ ਤੋਂ ਬਾਅਦ ਟੁੱਟਣ ਵਿਚ ਹੈ। ਉਹ ਜੁੜਦੀ ਹੈ ਜਦ ਕਿ ਸਥਿਤੀਆਂ ਉਸਨੂੰ ਟੁੱਟਣ ਲਈ ਮਜਬੂਰ ਕਰ ਦੇਂਦੀਆਂ ਹਨ। ਭਾਨੋ ਦਾ ਕਿਰਦਾਰ ਇਕ ਅਜਿਹੀ ਔਰਤ ਦਾ ਹੈ, ਜੋ ਸਥਿਤੀਆਂ ਦੀ ਜਕੜ ਵਿਚ ਤ੍ਰਾਸਦ ਹੋਣੀ ਭੋਗਣ ਲਈ ਬੇਵੱਸ ਹੈ। ਉਹ ਭਾਗਵੰਤੀ ਨਹੀਂ ਬਣ ਸਕੀ ਇਸੇ ਲਈ ਦਰਪੇਸ਼ ਸਥਿਤੀਆਂ ਅੱਗੇ ਉਹ ਤਿੜਕ ਜਾਂਦੀ ਹੈ। ਉਹ ਸਮਾਜ ਵਿਚ ਇਕੱਲੀ ਬੇਵੱਸ ਅਤੇ ਅੰਦਰੋਂ ਬਾਹਰੋਂ ਸਰਾਪੀ ਔਰਤ ਦਾ ਬਿੰਬ ਬਣਦੀ ਹੈ। ਇਹ ਨਾਵਲ ਟਿਵਾਣਾ ਦੀ ਸ਼ਾਹਕਾਰ ਰਚਨਾ ਮੰਨਿਆ ਜਾ ਸਕਦਾ ਹੈ।

'ਵਾਟ ਹਮਾਰੀ' ਨਾਵਲ ਦੀ ਮੂਲ ਸਮੱਸਿਆ ਵਿਅਕਤੀਗਤ ਹੈ ਜੋ ਸਥਿਤੀਆਂ ਦੇ ਸੰਕਟ ਵਿਚ ਗਹਿਰੀ ਹੁੰਦੀ ਹੋਈ ਮਾਨਸਿਕ ਗੁੰਝਲਾਂ ਦਾ ਕਾਰਣ ਬਣਦੀ ਹੈ। ਇਸ ਨਾਵਲ ਦੀ ਨਾਇਕਾ ਕੰਵਲ ਆਪਣੀਆਂ ਭੈਣਾਂ ਤੋਂ ਵੱਖਰੇ ਸੁਭਾਅ ਅਤੇ ਵਿਅਕਤਿਤ੍ਵ ਵਾਲੀ ਹੈ। ਉਹ ਉਨ੍ਹਾਂ ਵਾਂਗ ਮਰਦਾਂ ਦਾ ਪਰਛਾਵਾਂ ਬਣ ਕੇ ਜੀਊਣਾ ਨਹੀਂ ਚਾਹੁੰਦੀ। ਫਲਸਰੂਪ ਉਹ ਵਿਆਹ ਦੇ ਪ੍ਰਸੰਗ ਵਿਚ ਪੱਛੜ ਜਾਂਦੀ ਹੈ। ਉਸ ਦੀ ਹੋਂਦ ਨੂੰ ਉਦੋਂ ਦਰਦ ਪਹੁੰਚਦਾ ਹੈ ਜਦੋਂ ਉਸ ਨੂੰ ਦੇਖਣ ਆਇਆ ਮਰਦ ਉਸ ਦੀ ਥਾਂ ਉਸ ਦੀ ਛੋਟੀ ਭੈਣ ਨੂੰ ਪਸੰਦ ਕਰ ਲੈਂਦਾ ਹੈ। ਕੰਵਲ ਰੰਗ ਰੂਪ ਪੱਖੋਂ ਸੁਹਜੀਲੀ ਨਹੀਂ ਪਰ ਆਤਮਿਕ ਵਿਕਾਸ ਪੱਖੋਂ ਅੱਗੇ ਹੈ। ਉਸਦੀ ਇਹੀ ਮਾਨਸਿਕਤਾ ਉਸ ਲਈ ਅਣਹੋਂਦ ਦਾ ਕਾਰਣ ਬਣ ਜਾਂਦੀ ਹੈ। ਉਹ ਪੂਰਨ ਜੀਵਨ ਜੀਊਣ ਦੀ ਲਾਲਸਾ ਵਿਚ ਹਰ ਮਰਦ ਨੂੰ ਟਾਲਦੀ ਰਹਿੰਦੀ ਹੈ। ਇਕ ਸਥਿਤੀ ਅਜਿਹੀ ਆ ਜਾਂਦੀ ਹੈ ਕਿ ਉਹ ਵਿਆਹ-ਮਾਮਲੇ ਵਿਚ ਪਿਛੇ ਰਹਿ ਜਾਂਦੀ ਹੈ। ਥਿੜਕੀ, ਤਿੜਕੀ ਮਾਨਸਿਕਤਾ ਵਿਚ ਉਹ ਆਪਣੇ ਨਾਲੋਂ ਕਿਤੇ ਸਾਧਾਰਣ ਅਤੇ ਦੁਹਾਜੂ ਬੰਦੇ ਨਾਲ ਵਿਆਹ ਕਰਵਾ ਲੈਂਦੀ ਹੈ। ਇਹ ਵਿਆਹ ਭਾਵੇਂ ਕੰਵਲ ਆਪਣੇ ਫੈਸਲੇ ਅਨੁਸਾਰ ਹੀ ਕਰਦੀ ਹੈ ਪਰੰਤੂ ਇਹ ਫੈਸਲਾ ਵੀ ਉਸ ਦੀ ਮਜਬੂਰੀ ਦਾ ਹੀ ਸਿੱਟਾ ਸੀ। ਉਹ ਕਦੀ ਵੀ ਆਪਣੀ ਚੋਣ ਨੂੰ ਨਿੰਦਦੀ ਨਹੀਂ ਅਤੇ ਖੁਸ਼ ਦਿੱਸਣ ਦੀ ਕੋਸ਼ਿਸ਼ ਵੀ ਕਰਦੀ ਹੈ। ਇਹ ਨਾਵਲ ਅੰਦਰੋਂ ਥਿੜਕੀ ਔਰਤ ਦੀ ਪੀੜਾ ਦਾ ਬਿੰਬ ਹੈ ਜੋ ਜ਼ਾਹਰਾ ਰੂਪ ਵਿਚ ਆਪਣਾ ਦਰਦ ਅੰਦਰੇ ਹੀ ਪੀਂਦੀ ਹੋਈ ਸਿਮਟੀ ਰਹਿੰਦੀ ਹੈ। ਡਾ. ਜੋਗਿੰਦਰ ਸਿੰਘ ਰਾਹੀ ਲਿਖਦਾ ਹੈ ਕਿ ''ਕੰਵਲ ਪੱਕੇ ਰੰਗ ਕਾਰਣ ਵਿਆਹ ਦੀ ਦੌੜ ਵਿਚ ਛੋਟੀਆਂ ਭੈਣਾਂ ਤੋਂ ਪਛਾੜ ਖਾ ਜਾਣ ਪਿਛੋਂ ਟਾਲਿਆ ਜਾ ਸਕਣ ਵਾਲਾ ਸੰਤਾਪ ਭੋਗਦੀ ਹੈ, ਜਿਹੜਾ ਲੇਖਿਕਾ ਦੀ ਪੀੜਾ ਮੋਹ ਦਾ ਸਿੱਟਾ ਹੈ।''[4]

'ਤੀਲੀ ਦਾ ਨਿਸ਼ਾਨ' ਨਾਵਲ ਨਾਇਕਾ ਕਿਰਨਜੀਤ ਦੀ ਜ਼ਿੰਦਗੀ ਦੇ ਆਰ ਪਾਰ ਫੈਲਿਆ ਹੋਇਆ ਹੈ। ਨਾਵਲ ਦੇ ਆਰੰਭ ਵਿਚ ਕਿਰਨਜੀਤ ਦਾ ਫੌਜੀ ਨਾਲ ਵਿਆਹ ਹੋਣਾ, ਉਸਦਾ ਜੰਗ ਵਿਚ ਸ਼ਹੀਦ ਹੋਣਾ ਅਤੇ ਕਿਰਨਜੀਤ ਦਾ ਆਪਣੇ ਘਰ ਪਰਤ ਆਉਣ ਆਦਿ ਮੁੱਖ ਘਟਨਾਵਾਂ ਉਤੇ ਨਾਵਲ ਉਸਰਦਾ ਹੈ। ਵਿਧਵਾ ਹੋਂਦ ਦੀ ਸਥਿਤੀ ਵਿਚ ਵੀ ਕਿਰਨਜੀਤ ਵਿਧਵਾ ਵਾਂਗ ਨਹੀਂ ਜੀਉਂਦੀ ਬਲਕਿ ਪੂਰੇ ਚਾਵਾਂ ਨਾਲ ਜ਼ਿੰਦਗੀ ਵਿਚ ਸ਼ਾਮਲ ਹੁੰਦੀ ਹੈ। ਇਨ੍ਹਾਂ ਚਾਵਾਂ ਨੂੰ ਉਦੋਂ ਤਰੇੜ ਆਉਂਦੀ ਹੈ ਜਦੋਂ ਉਸਦੇ ਪਿਤਾ ਦੀ ਹਾਦਸੇ ਵਿਚ ਮੌਤ ਹੋ ਜਾਂਦੀ ਹੈ। ਇਸ ਬਿੰਦੂ ਉਪਰ ਕਿਰਨਜੀਤ ਦਾ ਸਾਰਾ ਵਿਹਾਰ ਵਿਧਵਾ ਵਾਲਾ ਹੋ ਜਾਂਦਾ ਹੈ। ਜ਼ਿੰਦਗੀ ਅੰਦਰ ਉਪਰਾਮਤਾ ਆ ਜਾਂਦੀ ਹੈ। ਉਹੀ ਕਿਰਨਜੀਤ ਜੋ ਵਿਧਵਾ ਹੋਣ ਤੋਂ ਮੁਨਕਰ ਸੀ, ਉਹ ਬਦਲੇ ਹਾਲਾਤਾਂ ਵਿਚ ਵਿਧਵਾ ਦੇ ਅਹਿਸਾਸ ਵਿਚ ਖੰਡਿਤ ਹੋ ਜਾਂਦੀ ਹੈ। ਉਹ ਦੂਜਾ ਵਿਆਹ ਕਰਵਾਉਣ ਤੋਂ ਦੂਰ ਰਹਿੰਦੀ ਹੈ। ਮਰਦ ਉਸ ਪ੍ਰਤਿ ਦਿਲਚਸਪੀ ਜ਼ਾਹਰ ਕਰਦੇ ਹਨ ਪਰ ਉਹ ਇਕ ਵਿੱਥ ਉਪਰ ਖਲੋ ਕੇ ਹੀ ਜੀਵਨ ਜੀਉਂਦੀ ਹੈ। ਉਸ ਅੰਦਰ ਜੋ ਖਿਲਾਅ ਹੈ, ਉਪਰਾਮਤਾ ਹੈ, ਉਸ ਦਰਦ ਨੂੰ ਦਬਾਈ ਉਹ ਆਪਣਾ ਘਰ ਤਿਆਗ ਦੇਂਦੀ ਹੈ। ਘਰ ਤੋਂ ਬਾਹਰ ਉਹ ਜਿਸ ਅਨਿਸ਼ਚਿਤ ਮੰਜ਼ਲ ਵੱਲ ਵੱਧਦੀ ਹੈ, ਉਸ ਦੇ ਸੰਕੇਤ ਨਾਵਲ ਵਿਚੋਂ ਨਹੀਂ ਮਿਲਦੇ। ਕਿਰਨਜੀਤ ਵੀ ਭਾਨੋ ਵਾਂਗ ਘਰ ਛੱਡ ਕੇ ਅਣਦੇਖੇ ਜਗਤ ਵੱਲ ਚਲੀ ਜਾਂਦੀ ਹੈ। ਨਾਵਲ ਵਿਚੋਂ ਇਹ ਸੰਕੇਤ ਵੀ ਮਿਲਦੇ ਹਨ ਕਿ ਉਹ ਆਪਣੇ ਸ੍ਵੈ-ਮਾਣ ਨੂੰ ਬਰਕਰਾਰ ਰੱਖਣ ਲਈ ਮਰਦ ਦੇ ਅਧੀਨ ਰਹਿਣ ਤੋਂ ਆਕੀ ਹੈ। ਇਸ ਨਾਵਲ ਵਿਚ ਉਸ ਔਰਤ ਦਾ ਬਿੰਬ ਹੈ ਜੋ ਦੁਖਾਂਤਕ ਸਥਿਤੀਆਂ ਵਿਚ ਆਪਣਾ ਮਾਰਗ ਵੱਖਰਾ ਕਰ ਲੈਂਦੀ ਹੈ। ਡਾ. ਜੋਗਿੰਦਰ ਸਿੰਘ ਰਾਹੀ ਕਿਰਨਜੀਤ ਦੇ ਦੁੱਖ ਦਰਦ ਨੂੰ ਅਜਿਹਾ ਨਹੀਂ ਮੰਨਦਾ ਕਿ ਜ਼ਿੰਦਗੀ ਵਿਚ ਕੋਈ ਹੋਰ ਬਦਲ ਨਹੀਂ ਬਲਕਿ ਇਹ ਇਸ ਤਰ੍ਹਾਂ ਹੈ ਕਿ ਜਿਵੇਂ ਕੋਈ ਆਪਣੇ ਦਰਦ ਵਿਚੋਂ ਸੁਆਦ ਲੈ ਰਿਹਾ ਹੋਵੇ।[5] ਇਹ ਨਾਵਲ ਵੀ ਔਰਤ ਦੀ ਪੀੜਾ ਦੇ ਆਰ ਪਾਰ ਫੈਲਿਆ ਹੈ।

'ਦੂਸਰੀ ਸੀਤਾ' ਨਾਵਲ ਜਾਗੀਰਦਾਰੀ ਦਬਦਬੇ ਵਿਚ ਤ੍ਰਾਸਦ ਹੋਣੀ ਹੰਢਾਉਣ ਲਈ ਬੇਵੱਸ ਔਰਤ ਦੀ ਦਾਸਤਾਂ ਹੈ ਜੋ ਮਰਦ ਦੀ ਹਵਸ ਦਾ ਸ਼ਿਕਾਰ ਵੀ ਬਣਦੀ ਹੈ ਅਤੇ ਉਸ ਦੇ ਕੁਕਰਮਾਂ ਹੱਥੋਂ ਸਤਾਏ ਜਾਣ ਮਗਰੋਂ ਮਰਨ ਲਈ ਮਜਬੂਰ ਹੁੰਦੀ ਹੈ। ਸੀਤਾ ਅਜਿਹੀ ਹੀ ਇਕ ਤ੍ਰਾਸਦ-ਔਰਤ ਹੈ ਜੋ ਇਸ ਮਰਦ-ਹਵਸ ਦੀ ਪੀੜਾ ਹੰਢਾਉਂਦੀ ਹੈ। ਉਹ ਇਕ ਮਰਦ ਤੋਂ ਦੂਜੇ ਮਰਦ ਤਕ ਅਜਿਹੀ ਘਿਰਦੀ ਹੈ ਕਿ ਉਸ ਲਈ ਸਿਵਾਏ ਮੌਤ ਦੇ ਹੋਰ ਕੋਈ ਰਾਹ ਨਹੀਂ ਰਹਿੰਦਾ। ਹਮਦਰਦ ਦੇ ਰੂਪ ਵਿਚ ਆਇਆ ਮਰਦ ਵੀ ਔਰਤ ਨੂੰ ਭੋਗਦਾ ਹੈ। ਫ਼ਰਕ ਸਿਰਫ ਵਤੀਰੇ ਦਾ ਹੈ। ਇਕ ਜਬਰਨ ਭੋਗਦਾ ਹੈ, ਦੂਜਾ ਮਜਬੂਰਨ ਨੂੰ ਭੋਗਦਾ ਹੈ। ਦੋਹਾਂ ਹਾਲਾਤਾਂ ਵਿਚ ਔਰਤ ਟੁੱਟਦੀ ਹੈ। ਸੀਤਾ ਦਾ ਪਤੀ ਜੇਕਰ ਜ਼ੈਲਦਾਰਾਂ ਦਾ ਨਾਂ ਵੀ ਲੈਂਦਾ ਹੈ ਤਾਂ ਉਸਦੀ ਆਵਾਜ਼ ਦਬਾ ਦਿਤੀ ਜਾਂਦੀ ਹੈ। ਮਰਦ ਹੱਥੋਂ ਸਤਾਈ ਸੀਤਾ ਗੰਗਾ ਵਿਚ ਡੁੱਬ ਕੇ ਮਰ ਜਾਂਦੀ ਹੈ। ਲੇਖਕਾ ਨੇ ਇਸ ਨਾਵਲ ਵਿਚ ਇਹ ਦੱਸਣਾ ਚਾਹਿਆ ਹੈ ਕਿ ਪੌਰਾਣਕ ਸੀਤਾ ਤੋਂ ਲੈ ਕੇ ਵਰਤਮਾਨ ਦੀ ਸੀਤਾ ਮਰਦ ਹੱਥੋਂ ਦੁੱਖ ਭੋਗ ਰਹੀ ਹੈ। ਪੌਰਾਣਕ ਸੀਤਾ ਦਾ ਦੁਖਾਂਤ ਵੀ ਉਧਾਲੇ ਤੋਂ ਸ਼ੁਰੂ ਹੁੰਦਾ ਹੈ ਅਤੇ ਵਰਤਮਾਨ ਸੀਤਾ ਦੀ ਜ਼ਿੰਦਗੀ ਵੀ ਉਦੋਂ ਨਰਕ ਬਣਦੀ ਹੈ ਜਦੋਂ ਉਸ ਨੂੰ ਜ਼ੈਲਦਾਰਾਂ ਦਾ ਮੁੰਡਾ ਚੁੱਕ ਕੇ ਲੈ ਜਾਂਦਾ ਹੈ। ਇਹ ਹੋਣੀ ਹਰ ਸੀਤਾ ਨੂੰ ਭੋਗਣੀ ਪੈ ਰਹੀ ਹੈ। ਸੀਤਾ ਜੀਊਣਾ ਲੋਚਦੀ ਹੈ, ਆਪਣੀ ਸੱਸ ਨੂੰ ਘਰ ਲੈ ਜਾਣ ਦਾ ਵਾਸਤਾ ਵੀ ਪਾਉਂਦੀ ਹੈ ਪਰੰਤੂ ਜਦੋਂ ਸਾਰੇ ਰਾਹ ਬੰਦ ਹੁੰਦੇ ਹਨ, ਉਦੋਂ ਉਹ ਗੰਗਾ ਵਿਚ ਸ਼ਰਨ ਲੈਂਦੀ ਹੈ। ਸਥਿਤੀਆਂ ਦਾ ਵਿਅੰਗ ਇਹ ਹੈ ਕਿ ਜੋ ਗਰਕ ਕਰਦਾ ਹੈ, ਉਹੀ ਇਨਸਾਫ਼ ਕਰਨ ਵਾਲੀ ਧਿਰ ਬਣ ਬੈਠਦਾ ਹੈ। ਬਲਦੇਵ ਸਿੰਘ ਜ਼ੈਲਦਾਰ ਦੇ ਇਹ ਬੋਲ ਸਥਿਤੀ ਦੇ ਦੁਖਾਤ ਵੱਲ ਸੰਕੇਤ ਹਨ:—

> ''ਨਸਾਫ਼ ਕਰਨ ਨੂੰ ਤਾਂ ਪੰਚੈਤ ਵੀ ਤਿਆਰ ਐ। ਤੂੰ ਨਉਂ ਲੈ ਜੇ ਨਾ ਮੂੰਹ ਕਾਲਾ ਕਰਕੇ ਗਧੇ ਤੇ ਚਾੜ੍ਹਕੇ, ਗਲ ਛਿੱਤਰਾਂ ਦੀ ਮਾਲਾ ਪਾ ਕੇ ਸਾਰੇ ਪਿੰਡ 'ਚ ਫੇਰੀਏ। ਬਾਕੀ ਜੇ ਆਪਣੇ ਈ ਧੀ ਪੁੱਤ ਵਿਚ ਖੋਟ ਹੋਵੇ ਫੇਰ ਨੀ ਕਿਸੇ ਨੂੰ ਕੁਸ਼ ਆਖਿਆ ਜਾਂਦਾ ਹੁੰਦਾ। ਓਸ ਨੇ ਪਿੰਡ ਦਾ ਨੱਕ ਵੱਢਣਾ ਸੀ ਵੱਢਤਾ। ਬਾਕੀ ਤੂੰ ਤਾਂ ਮੁੰਡੇ ਨੂੰ ਹੋਰਥੇ ਵਿਆਲੇਂਗਾ। ਇਜ਼ਤ ਤਾਂ ਪਟੜੀ ਫੇਰ ਪਿੰਡ ਦੀ ਰੁਲਗੀ ਤੈਨੂੰ ਕੌਣ ਜਾਣਦੈ ?'' ਸਰਦਾਰ ਬਲਦੇਵ ਸਿੰਘ ਨੇ ਜ਼ਰਾ ਤਲਖ਼ ਹੋ ਕੇ ਕਿਹਾ।''[6]

ਸਪੱਸ਼ਟ ਹੀ ਹੈ ਕਿ 'ਦੂਸਰੀ ਸੀਤਾ' ਨਾਵਲ ਵਿਚ ਔਰਤ ਦੀ ਇਕ ਲੰਮੇ ਸਮੇਂ ਤੋਂ ਤ੍ਰਾਸਦ ਸਥਿਤੀ ਦਾ ਗਲਪੀ ਬਿੰਬ ਹੈ। ਸਥਿਤੀਆਂ ਦੀ ਜਕੜ ਵਿਚ

ਉਹ ਬੇਵੱਸ ਅਤੇ ਮਜਬੂਰ ਹੈ। ਮਰਦ ਲਈ ਉਹ ਇਕ ਵਸਤੂ ਹੈ ਜੋ ਪਹਿਲਾਂ ਭੋਗੀ ਜਾਂਦੀ ਹੈ, ਫਿਰ ਮਧੋਲੀ ਜਾਂਦੀ ਹੈ। ਪੌਰਾਣਕ ਸੀਤਾ ਲਈ ਧਰਤੀ ਸ਼ਰਨ ਸੀ ਅਤੇ ਵਰਤਮਾਨ ਸੀਤਾ ਲਈ ਗੰਗਾ ਵਿਚ ਸਮਾ ਜਾਣਾ ਮਜਬੂਰੀ ਹੈ। ਇਹ ਨਾਵਲ ਔਰਤ ਦੀ ਦੁਖਾਂਤਕ ਹੋਂਦ ਦੀ ਪ੍ਰਮਾਣਕ ਗਾਥਾ ਹੈ।

'**ਸਰਕੰਡਿਆਂ ਦੇ ਦੇਸ਼**' ਨਾਵਲ ਵਿਚ ਇਕ ਵਾਰ ਦਲੀਪ ਕੌਰ ਟਿਵਾਣਾ ਨੇ ਔਰਤ ਮਰਦ ਦੇ ਨਜਾਇਜ਼ ਰਿਸ਼ਤਿਆਂ ਵਿਚੋਂ ਪੈਦਾ ਹੋਣ ਵਾਲੇ ਦੁਖਾਂਤ ਨੂੰ ਚਿਤਰਿਆ ਹੈ। ਇਨ੍ਹਾਂ ਰਿਸ਼ਤਿਆਂ ਤੋਂ ਸਤਾਈ ਪ੍ਰੀਤੀ ਦੀ ਮੌਤ ਇਹ ਤੱਥ ਜੱਗ-ਜ਼ਾਹਿਰ ਕਰਦੀ ਹੈ ਕਿ ਮਰਦ ਔਰਤ ਪ੍ਰਤਿ ਏਨਾ ਬੇਰਹਿਮ ਹੈ ਕਿ ਜੋ ਉਸ ਲਈ ਸ਼ਕਤੀ ਬਣਨਾ ਚਾਹੀਦਾ ਸੀ, ਉਹੀ ਉਸ ਲਈ ਦੁੱਖ ਦਾ ਕਾਰਨ ਬਣਦਾ ਹੈ। ਇਸ ਨਾਵਲ ਵਿਚ ਜਗਮੋਹਣ ਅਤੇ ਉਸ ਦੀ ਭਰਜਾਈ ਬਸੰਤ ਦੇ ਨਜਾਇਜ਼ ਅਨੈਤਿਕ ਰਿਸ਼ਤਿਆਂ ਦੀ ਕਹਾਣੀ ਹੈ। ਜਗਮੋਹਣ ਦੀ ਪਤਨੀ ਪ੍ਰੀਤੀ ਇਨ੍ਹਾਂ ਦੋਹਾਂ ਦੇ ਸੰਬੰਧਾਂ ਵਿਚ ਕੁਚਲ ਦਿੱਤੀ ਜਾਂਦੀ ਹੈ। ਪ੍ਰੀਤੀ ਨੂੰ ਸਾੜ ਕੇ ਮਾਰਨ ਵਾਲੀ ਧਿਰ ਹੋਰ ਕੋਈ ਨਹੀਂ ਬਲਕਿ ਜਗਮੋਹਣ ਅਤੇ ਬਸੰਤ ਕੌਰ ਹਨ ਜੋ ਆਪਣੇ ਨਜਾਇਜ਼ ਰਿਸ਼ਤੇ ਦੇ ਭਵਿੱਖ ਲਈ ਪ੍ਰੀਤੀ ਨੂੰ ਮਾਰ ਦੇਂਦੇ ਹਨ। ਇਸੇ ਨਾਵਲ ਸੰਬੰਧੀ ਹੀ ਡਾ. ਹਰਿਭਜਨ ਸਿੰਘ ਨੇ ਆਪਣੇ ਨਿਬੰਧ 'ਇਕ ਖ਼ਤ ਤੇਰੇ ਨਾਂ' ਵਿਚ ਕਿਹਾ ਸੀ ਕਿ ਉਸ ਨੇ ਔਰਤ ਨੂੰ ਅਣਹੋਣੀ ਤੇ ਨਿਕੰਮੀ ਜਿਹੀ ਬਣਾ ਦਿੱਤਾ ਹੈ ਜੋ ਕੇਵਲ ਦੁੱਖ ਜਰਨ ਵਾਲੀ ਧਿਰ ਬਣ ਕੇ ਰਹਿ ਜਾਂਦੀ ਹੈ।[7]

'ਧੁੱਪ-ਛਾਂ ਤੇ ਰੁੱਖ' ਦਲੀਪ ਕੌਰ ਟਿਵਾਣਾ ਦੇ ਦੂਜਿਆਂ ਨਾਵਲਾਂ ਨਾਲੋਂ ਇਕ ਵੱਖਰੇ ਪਰਿਪੇਖ ਵਿਚ ਪ੍ਰਸਤੁਤ ਹੋਇਆ ਹੈ। ਨਾਵਲ ਦੇ ਅੰਤ ਉਪਰ ਪਤੀ ਦਾ ਆਪਣੀ ਪਤਨੀ ਵੱਲ ਘਰ-ਪਰਤਣਾ ਇਸ ਸਥਿਤੀ ਦਾ ਸੰਕੇਤ ਹੈ ਕਿ ਪਤਨੀ ਆਪਣੇ ਪ੍ਰੇਮ ਰਾਹੀਂ ਦਿਸ਼ਾਹੀਣ ਹੋਏ ਪਤੀ ਦੀ ਮਾਨਸਿਕਤਾ ਬਦਲਾ ਸਕਦੀ ਹੈ। ਇਹ ਸੰਦੇਸ਼ ਇਸ ਨਾਵਲ ਦੀ ਧੁਨੀ ਵਿਚ ਪਿਆ ਹੋਇਆ ਹੈ। ਕਮਲ ਲਤਾ ਜੋ ਪ੍ਰਸਿੱਧ ਡਾਂਸਰ ਹੈ, ਦਾ ਪ੍ਰੋਫੈਸਰ ਪੁਰਸ਼ੋਤਮ ਨਾਲ ਪ੍ਰੇਮ ਵਿਆਹ ਹੁੰਦਾ ਹੈ। ਪੁਰਸ਼ੋਤਮ ਕਮਲ ਲਤਾ ਦੇ ਜਜ਼ਬਾਤਾਂ ਦੀ ਕਦਰ ਕਰਨ ਦੀ ਥਾਂ ਆਪਣੀ ਕੁਲੀਗ ਰੀਟਾ ਨਾਲ ਵੱਲ ਰੁਚਿਤ ਹੋ ਜਾਂਦਾ ਹੈ। ਕਮਲ ਲਤਾ ਨੂੰ ਜਦੋਂ ਇਸ ਗੱਲ ਦਾ ਪਤਾ ਲਗਦਾ ਹੈ ਤਾਂ ਉਹ ਆਪਣੀ ਕਲਾ ਨੂੰ ਤਿਆਗ ਕੇ ਘਰ ਵਿਚ ਕੇਂਦਰਿਤ ਹੋ ਜਾਂਦੀ ਹੈ:—

> ''ਘਰ ਵਿਚ ਰੋਟੀ ਪਕਾਉਂਦੀ, ਕਪੜੇ ਧੋਂਦੀ, ਮੇਜ਼ਪੋਸ਼ ਉਤੇ ਬੇਲਬੂਟੇ ਕੱਢਦੀ, ਪੁਰਸ਼ੋਤਮ ਦਾ ਸਵੈਟਰ ਉਣਦੀ, ਗਵਾਂਢਣ ਨਾਲ ਗੱਲਾਂ ਕਰਦੀ, ਰੇੜ੍ਹੀ ਤੋਂ ਸਬਜ਼ੀ ਖਰੀਦਦੀ, ਸੱਸ ਨੂੰ ਖ਼ਤ ਲਿਖਦੀ ਦੇਖ ਕੇ ਕੋਈ ਅੰਦਾਜ਼ਾ ਹੀ ਨਹੀਂ ਲਗਾ ਸਕਦਾ ਕਿ ਉਹ ਦੇਸ਼ ਦੀ ਇਕ ਪਰਸਿੱਧ ਡਾਂਸਰ ਹੈ।''[8]

ਪੁਰਸ਼ੋਤਮ ਜੋ ਕਮਲ ਲਤਾ ਤੋਂ ਦੂਰ ਚਲਾ ਗਿਆ ਸੀ, ਇਸ ਭਗਤੀ ਅਤੇ ਘਰ-ਪਿਆਰ ਦੇਖ ਕੇ ਆਪਣੇ ਘਰ ਪਰਤ ਆਉਂਦਾ ਹੈ। ਸਥਿਤੀ ਤਾਂ ਇਹ ਹੈ ਕਿ ਔਰਤ ਨੂੰ ਹੀ ਭੂਮਿਕਾ ਨਿਭਾਉਣੀ ਪੈਂਦੀ ਹੈ। ਮਰਦ ਰਿਸ਼ਤੇ ਤੋੜਦਾ ਹੈ ਜਦ ਕਿ ਔਰਤ ਰਿਸ਼ਤੇ ਜੋੜਦੀ ਹੈ। ਕਮਲ ਲਤਾ ਦੀ ਇਹੀ ਭੂਮਿਕਾ ਉਸ ਨੂੰ ਭਵਿੱਖ ਨਾਲ ਜੋੜਦੀ ਹੈ। ਇਹ ਨਾਵਲ ਸੰਕੇਤਕ ਧਰਾਤਲ ਉਪਰ ਇਹ ਵੀ ਦੱਸਦਾ ਹੈ ਕਿ ਰਿਸ਼ਤਿਆਂ ਅੰਦਰਲਾ ਤਨਾਉ ਇਕ ਧਿਰ ਦੇ ਬਦਲ ਜਾਣ ਨਾਲ ਮੁੱਕ ਸਕਦਾ ਹੈ। ਕਮਲ ਲਤਾ ਆਪਣਾ ਸ੍ਵੈ-ਤਿਆਗ ਕੇ ਪੁਰਸ਼ੋਤਮ ਨੂੰ ਪ੍ਰਾਪਤ ਕਰ ਸਕੀ ਹੈ। ਟਿਵਾਣਾ ਦੇ ਕਈ ਨਾਵਲਾਂ ਵਿਚ ਔਰਤ ਦਾ ਸ੍ਵੈ-ਜਾਗਦਾ ਹੈ ਜਦਕਿ ਇਸ ਨਾਵਲ ਵਿਚ ਉਹ ਆਪਣੇ ਸ੍ਵੈ ਨੂੰ ਮਿਟਾ ਕੇ ਪੁਰਸ਼ੋਤਮ ਨੂੰ ਪ੍ਰਾਪਤ ਕਰ ਸਕੀ ਹੈ।

'ਪੀਲੇ ਪੱਤਿਆਂ ਦੀ ਦਾਸਤਾਨ' ਨਾਵਲ ਇਕ ਅਜਿਹੀ ਔਰਤ ਦੀ ਤ੍ਰਾਸਦ ਸਥਿਤੀ ਨੂੰ ਪ੍ਰਗਟਾਉਂਦਾ ਹੈ ਜੋ ਆਪਣੀ ਸੇਵਾ ਸੰਭਾਲ ਰਾਹੀਂ ਆਪਣੇ ਪਤੀ ਨੂੰ ਨਵਾਂ ਜੀਵਨ ਦੇ ਕੇ ਖੁਦ ਆਪ ਉਸੇ ਦੀ ਬੀਮਾਰੀ ਤਪਦਿਕ ਦਾ ਸ਼ਿਕਾਰ ਹੋ ਜਾਂਦੀ ਹੈ। ਤ੍ਰਾਸਦੀ ਉਦੋਂ ਵਾਪਰਦੀ ਹੈ ਜਦੋਂ ਭਾਗੀਰਥ ਆਪਣੀ ਬੀਮਾਰ ਪਤਨੀ ਦੀ ਸੇਵਾ ਕਰਨ ਦੀ ਥਾਂ ਉਸ ਤੋਂ ਕਿਨਾਰਾ ਕਰਦਾ ਹੈ। ਇਹ ਨਾਵਲ ਉਨ੍ਹਾਂ ਰਿਸ਼ਤਿਆਂ ਉਪਰ ਵਿਅੰਗ ਹੈ ਜੋ ਕੇਵਲ ਸਵਾਰਥ ਹਿਤ ਬੱਝੇ ਹੋਏ ਹਨ। ਊਸ਼ਾ ਭਾਵੇਂ ਆਪਣੇ ਪਤੀ ਭਗੀਰਥ ਦਾ ਸਿੱਧਾ ਵਿਰੋਧ ਨਹੀਂ ਕਰਦੀ ਪਰੰਤੂ ਆਪਣੇ ਧੁਰ ਅੰਦਰੋਂ ਉਸ ਦਾ ਤਿਆਗ ਕਰ ਦੇਂਦੀ ਹੈ। ਉਸ ਦਾ ਇਹ ਵਿਰੋਧ ਅੰਤਰਮੁਖੀ ਹੈ। ਪਤੀ ਦੇ ਅਜਿਹੇ ਅਮਾਨਵੀ ਵਤੀਰੇ ਦੇ ਫਲਸਰੂਪ ਊਸ਼ਾ ਆਪਣਾ ਮਾਨਸਿਕ ਸੰਤੁਲਨ ਗੁਆ ਬੈਠਦੀ ਹੈ। ਔਰਤ ਦੀ ਸਥਿਤੀ ਪੀਲੇ ਪੱਤਿਆਂ ਵਰਗੀ ਹੈ ਜੋ ਕਿਸੇ ਵੀ ਪਲ ਧਰਤੀ ਉਪਰ ਡਿੱਗ ਸਕਦੀ ਹੈ। ਇਸ ਨਾਵਲ ਵਿਚ ਊਸ਼ਾ ਆਪਣੇ ਪਤੀ ਦੇ ਵਿਰੋਧ ਵਿਚ ਕੋਈ ਪੈਂਤੜਾ ਨਹੀਂ ਅਪਨਾਉਂਦੀ। ਉਹ ਇਸੇ ਸੱਲ੍ਹ ਵਿਚ ਆਪਣੀ ਸੁਰਤਿ ਗੁਆ ਕੇ ਗੁੰਮ ਹੋ ਜਾਂਦੀ ਹੈ। ਟਿਵਾਣਾ ਦੇ ਨਾਵਲਾਂ ਵਿਚ ਔਰਤ ਦੀ ਤ੍ਰਾਸਦ ਸਥਿਤੀ ਦੇ ਵੱਖ-ਵੱਖ ਪ੍ਰਸੰਗ ਹਨ। ਮੂਲ ਸਥਿਤੀ ਇਹ ਹੈ ਕਿ ਔਰਤ ਹਮੇਸ਼ਾਂ ਮਰਦ ਹੱਥੋਂ ਪੀੜਿਤ ਹੈ। ਇਹ ਸਥਿਤੀ ਉਸਦੇ ਅਖੀਰਲੇ ਨਾਵਲਾਂ ਵਿਚ ਬਦਲਦੀ ਹੈ, ਜਿਥੇ ਔਰਤ ਮੁਕਤ ਹੋਣ ਵੱਲ ਕਿਰਿਆਸ਼ੀਲ ਹੁੰਦੀ ਹੈ।

ਹਸਤਾਖ਼ਰ, ਪੈੜਚਾਲ ਅਤੇ ਜਿਮੀ ਪੁਛੈ ਅਸਮਾਨ ਦਲੀਪ ਕੌਰ ਟਿਵਾਣਾ ਦੇ ਇਕੋ ਕੜੀ ਵਿਚ ਬੱਝੇ ਤਿੰਨ ਨਾਵਲ ਹਨ। ਇਨ੍ਹਾਂ ਵਿਚ ਸਾਂਝੀ ਕੜੀ ਇਹ ਹੈ ਕਿ 'ਹਸਤਾਖ਼ਰ' ਤੋਂ ਲੈ ਕੇ 'ਜਿਮੀ ਪੁਛੈ ਅਸਮਾਨ' ਵਿਚਕਾਰ ਜਿਹੜੀਆਂ ਦੋ ਪੀੜ੍ਹੀਆਂ ਫੈਲਦੀਆਂ ਹਨ, ਉਹ ਇਕੋ ਪਰਿਵਾਰ ਨਾਲ ਜੁੜੀਆਂ ਹੋਈਆਂ ਹਨ। ਮਿਸਾਲ ਵਜੋਂ ਹਸਤਾਖ਼ਰ ਦੀ ਨਾਇਕਾ ਸੀਮਾ ਦੀ ਧੀ ਸਿਮਰਨ ਅਗਲੇ ਦੋ ਨਾਵਲਾਂ ਵਿਚ ਕਿਰਿਆਸ਼ੀਲ ਹੁੰਦੀ ਹੈ। ਸਥਿਤੀਆਂ ਦੀ ਗਤੀਸ਼ੀਲਤਾ ਇਹ ਹੈ ਕਿ ਜ਼ਿੰਦਗੀ ਨੂੰ ਜੋ ਅਰਥ ਸੀਮਾ ਨਾ ਦੇ ਸਕੀ, ਉਹ ਅਰਥ ਸਿਮਰਨ ਦੇਂਦੀ ਹੈ। ਸਿਮਰਨ ਆਪਣੀ ਮਾਂ ਸੀਮਾ ਦੇ ਪ੍ਰਸ਼ਨਾਂ ਦਾ ਉੱਤਰ ਹੈ। ਹਸਤਾਖ਼ਰ ਵਿਚਲਾ ਪਾਤਰ ਅਮਰ ਦੂਸਰੇ ਨਾਵਲਾਂ ਵਿਚ ਵੀ ਸਿਮਰਿਆ ਗਿਆ ਹੈ। ਉਸ ਦੀ ਧੀ ਸਿਮਰਨ ਆਪਣੇ ਪਾਪਾ ਅਮਰ ਬਾਰੇ ਉਸ ਦੇ ਦੋਸਤਾਂ ਕੋਲੋਂ ਅਕਸਰ ਪੁੱਛਦੀ ਰਹਿੰਦੀ ਹੈ ਅਤੇ ਆਪਣੇ ਪਿਤਾ ਨੂੰ ਉਹ ਇੰਜ ਹਮੇਸ਼ਾਂ ਯਾਦ ਰੱਖਦੀ ਹੈ। ਇਨ੍ਹਾਂ ਤਿੰਨਾਂ ਨਾਵਲਾਂ ਦਾ ਪਰਿਪੇਖ, ਪ੍ਰਸੰਗ ਅਤੇ ਪ੍ਰਵਚਨ ਉਸਦੇ ਦੂਸਰੇ ਨਾਵਲਾਂ ਨਾਲੋਂ ਵੱਖਰਾ ਹੈ। ਇਨ੍ਹਾਂ ਵਿਚਕਾਰ ਉਸ ਔਰਤ ਦਾ ਬਿੰਬ ਹੈ ਜੋ ਆਜ਼ਾਦ ਹੋਣ ਦੀ ਦਿਸ਼ਾ ਵੱਲ ਵੱਧ ਰਹੀ ਹੈ। ਸੀਮਾ ਤੋਂ ਸਿਮਰਨ ਤਕ ਦੀ ਯਾਤਰਾ ਇਸੇ ਚੇਤਨਾ ਦਾ ਪ੍ਰਗਟਾਵਾ ਹੈ। ਸਿਮਰਨ ਦੇ ਸਾਰੇ ਪ੍ਰਸ਼ਨ ਸੀਮਾ ਦੀ ਜ਼ਿੰਦਗੀ ਨਾਲ ਜੁੜੇ ਹੋਏ ਹਨ। ਸੀਮਾ ਸਿਮਰਨ ਦੇ ਰੂਪ ਵਿਚ ਵਿਕਾਸ ਕਰਦੀ ਹੈ। 'ਹਸਤਾਖ਼ਰ' ਵਿਚ ਤਨਾਉ ਉਦੋਂ ਵਾਪਰਦਾ ਹੈ, ਜਦੋਂ ਅਮਰ ਸੀਮਾ ਦੀ ਮਾਨਸਿਕਤਾ ਨੂੰ ਪਛਾਨਣ ਤੋਂ ਥਿੜਕ ਜਾਂਦਾ ਹੈ। ਇਸ ਨਾਵਲ ਵਿਚ ਟਿਵਾਣਾ ਨੇ ਦਰਸਾਇਆ ਹੈ ਕਿ ਪਤੀ-ਪਤਨੀ ਦਾ ਆਪਸੀ ਰਿਸ਼ਤਾ ਉਨ੍ਹਾਂ ਦੇ ਵਿਚਾਰਾਂ, ਸੁਖਾਵੇਂ ਮਾਹੌਲ, ਆਪਸੀ ਤਾਲਮੇਲ, ਉਸਾਰੂ ਸੋਚ, ਪਕੇਰੀ ਸੂਝ ਅਤੇ ਸੁਤੰਤਰ ਚੋਣ ਨਾਲ ਹੀ ਨਿਭ ਸਕਦਾ ਹੈ। ਇੱਕ ਦੂਸਰੇ ਦੇ ਸੁਪਨਿਆਂ ਨੂੰ ਸਮਝਣ ਦੀ ਲੋੜ ਹੈ ਨਾ ਕਿ ਇਕ ਦੂਜੇ ਤੋਂ ਅੱਗੇ ਵਧਣ ਦੀ ਹੋੜ। ਇਸ ਨਾਵਲ ਦੀ ਰਚਨਾ ਕਰਕੇ ਲੇਖਕਾ ਨੇ ਆਪਣੀ ਉਸਾਰੂ ਸੋਚ ਅਤੇ ਸਿਹਤਮੰਦ ਦ੍ਰਿਸ਼ਟੀਕੋਣ ਦਾ ਪ੍ਰਤੱਖ ਪ੍ਰਮਾਣ ਦਿੱਤਾ ਹੈ।

'ਰਿਣ ਪਿੱਤਰਾਂ ਦਾ' ਨਾਵਲ ਵਿਚ ਦਲੀਪ ਕੌਰ ਟਿਵਾਣਾ ਨੇ ਦੋ ਸੱਭਿਆਤਾਵਾਂ ਵਿਚੋਂ ਪੈਦਾ ਹੋਈ ਨਵੀਂ ਤ੍ਰਾਸਦਿਕ ਸਥਿਤੀ ਦੀ ਸਮੱਸਿਆ ਨੂੰ ਛੋਹਿਆ ਹੈ। ਕਿਹਾ ਜਾਂਦਾ ਹੈ ਕਿ ਵਿਅਕਤੀ ਤਿੰਨ ਤਰ੍ਹਾਂ ਦਾ ਕਰਜ਼ਾਈ ਹੁੰਦਾ ਹੈ- ਪਹਿਲਾ ਪਿੱਤਰਾਂ ਦਾ, ਦੂਜਾ ਮਾਂ-ਬਾਪ ਦਾ ਅਤੇ ਤੀਜਾ ਗੁਰੂਆਂ ਦਾ। ਇਹ ਤਿੰਨੋਂ ਰਿਣ ਚੁਕਾਉਣੇ ਕਿਸੇ ਵੀ ਵਿਅਕਤੀ ਦੇ ਵੱਸ ਵਿਚ ਨਹੀਂ ਹਨ। ਫਿਰ ਵੀ ਜ਼ਿੰਦਗੀ ਦੀਆਂ ਬਹੁਤੀਆਂ ਗਤੀਵਿਧੀਆਂ ਜਾਂ ਕਾਰਜ ਇਨ੍ਹਾਂ ਰਿਣਾਂ ਨੂੰ ਉਤਾਰਨ ਦਾ ਯਤਨ ਕਰਦੇ ਹਨ। ਇਸ ਨਾਵਲ ਦੀ ਕਹਾਣੀ ਦਲੀਪ ਕੌਰ ਟਿਵਾਣਾ ਨੇ ਵੱਖਰੇ ਅੰਦਾਜ਼ ਵਿਚ ਪੇਸ਼ ਕੀਤੀ ਹੈ। ਇਹ ਇਕ ਜੜ੍ਹਹੀਣ ਹੋਏ ਨੌਜੁਆਨ ਬਿਕਰਮ ਦੀ ਕਹਾਣੀ ਹੈ, ਜਿਸਦੀ ਮਾਂ ਵਿਦੇਸ਼ੀ ਮੂਲ ਦੀ ਹੈ ਅਤੇ ਪਿਤਾ ਪੰਜਾਬੀ। ਪੰਜਾਬੀ ਦੇ ਇਕ ਅਖਾਣ 'ਮੂਲ ਨਾਲੋਂ ਵਿਆਜ ਪਿਆਰਾ' ਦੇ ਅੰਦਰਲੇ ਸੱਚ ਦੀ ਗਵਾਹੀ ਇਸ ਨਾਵਲ ਵਿਚ ਸਰਦਾਰਨੀ ਅਤੇ ਸ. ਸੰਪੂਰਨ ਸਿੰਘ ਦੇ ਵਿਵਹਾਰ ਵਿਚੋਂ ਮਿਲਦੀ ਹੈ। ਸਿਮੀ ਅਤੇ ਬਿਕਰਮ ਦਾ ਭੈਣ ਭਰਾ ਵਾਲਾ ਪਿਆਰ ਸੁਖਜੀਤ ਦੀਆਂ ਅੱਖਾਂ ਤੋਂ ਨਫ਼ਰਤ ਦੀ ਧੁੰਦ ਹਟਾ ਦਿੰਦਾ ਹੈ। ਇਉਂ ਜਾਪਦਾ ਹੈ ਜਿਵੇਂ ਦਾਦਾ ਦਾਦੀ ਦੀ ਅਣਹੋਂਦ ਵਿੱਚ ਬਿਕਰਮ ਦੀਆਂ ਆਪਣੇ ਪਿਤਰੀ ਪਰਿਵਾਰ ਵਿਚ ਜੜ੍ਹਾਂ ਲੱਗਣੀਆਂ ਸੰਭਵ ਨਹੀਂ ਹੋ ਸਕਣਗੀਆਂ।

'ਐਰ ਵੈਰ ਮਿਲਦਿਆਂ' ਨਾਵਲ ਉਸਦੇ ਹੋਰ ਨਾਵਲਾਂ ਵਾਂਗ ਔਰਤ ਦੀ ਜੀਵਨ-ਵਿਧੀ ਅਤੇ ਹੋਂਦ ਦੀਆਂ ਸਮੱਸਿਆਵਾਂ ਨੂੰ ਮੁੱਖ ਰੂਪ ਵਿਚ ਪੇਸ਼ ਕਰਦਾ ਹੈ। ਇਸ ਨਾਵਲ ਵਿਚ ਲੇਖਕਾ ਨੇ ਆਪਣੇ ਆਪ ਨੂੰ ਨਾਵਲਕਾਰਾ ਵਜੋਂ ਪੇਸ਼ ਨਹੀਂ ਕੀਤਾ, ਸਗੋਂ ਨਾਵਲ ਦੀ ਮੁੱਖ ਪਾਤਰ ਹਰਜੀਤ ਰਾਹੀਂ ਆਪਣੇ ਵਿਚਾਰ ਪ੍ਰਗਟ ਕੀਤੇ ਹਨ। ਇਸ ਨੂੰ ਉਤਮ ਪੁਰਖ ਸ਼ੈਲੀ ਵੀ ਕਿਹਾ ਜਾ ਸਕਦਾ ਹੈ। ਇਸ ਨਾਵਲ ਦੀ ਦੂਸਰੀ ਵਿਸ਼ੇਸ਼ਤਾ ਇਸਦੇ ਪ੍ਰਗੀਤਾਤਮਕ ਗਲਪ ਸਿਰਜਣਾ ਦੇ ਹੋਣ ਵਿਚ ਹੈ ਜਿਸ ਵਿਚ ਘਟਨਾਵਾਂ ਅਤੇ ਸਥਿਤੀਆਂ ਪ੍ਰਧਾਨ ਨਹੀਂ ਹੁੰਦੀਆਂ ਸਗੋਂ ਪਾਤਰਾਂ ਦੇ ਮਨੋ ਸੰਸਾਰ ਨੂੰ ਚਿਤਰਨ ਉਤੇ ਵਧੇਰੇ ਜ਼ੋਰ ਦਿੱਤਾ ਜਾਂਦਾ ਹੈ। ਇਹ ਨਾਵਲ ਦਾ ਗਲਪੀ ਸੰਸਾਰ ਪਾਤਰਾਂ ਦੇ ਮਨੋਯਥਾਰਥ ਵਿਚ ਹੀ ਵਧੇਰੇ ਫੈਲਿਆ ਹੋਇਆ ਹੈ।

'ਲੰਘ ਗਏ ਦਰਿਆ' ਨਾਵਲ ਕਈ ਪੱਖਾਂ ਤੋਂ ਵਿਲੱਖਣ ਅਤੇ ਵਿਸ਼ੇਸ਼ ਹੈ। 1990 ਵਿਚ ਪ੍ਰਕਾਸ਼ਿਤ ਇਹ ਨਾਵਲ ਪਟਿਆਲਾ ਰਿਆਸਤ ਦੇ ਸਾਮੰਤਵਾਦੀ/ਜਾਗੀਰਦਾਰੀ ਮਾਹੌਲ ਨੂੰ ਪਿਛੋਕੜ ਵਿਚ ਰੱਖਕੇ ਲਿਖਿਆ ਗਿਆ ਹੈ। ਇਸ ਨਾਵਲ ਨੂੰ ਇਕ ਤਰ੍ਹਾਂ ਨਾਲ ਅਸੀਂ ਇਤਿਹਾਸਕ ਨਾਵਲ ਵੀ ਕਹਿ ਸਕਦੇ ਹਾਂ। ਪੂਰਵ ਤੌਰ ਤੇ ਨਹੀਂ ਪਰ ਆਂਸ਼ਿਕ ਤੌਰ 'ਤੇ ਇਸ ਵਿਚ ਇਤਿਹਾਸਕ ਅੰਸ਼ਾਂ ਨੂੰ ਅਧਾਰ ਬਣਾਇਆ ਗਿਆ ਹੈ। ਇਹ ਪਟਿਆਲੇ ਦੇ ਰਿਆਸਤੀ ਮਾਹੌਲ ਨੂੰ ਇਤਿਹਾਸਕ ਯਥਾਰਥ ਦੇ ਰੂਪ ਵਿਚ ਚਿਤਰਨ ਦੀ

ਸਫ਼ਲ ਕੋਸ਼ਿਸ਼ ਹੈ। ਨਾਵਲਕਾਰਾ ਨੇ ਇਤਿਹਾਸਕ ਵਿਅਕਤੀਆਂ ਨੂੰ ਮੁੱਖ ਪਾਤਰਾਂ ਵਜੋਂ ਪੇਸ਼ ਨਹੀਂ ਕੀਤਾ ਸਗੋਂ ਸਮੁੱਚੇ ਮਾਹੌਲ ਨੂੰ ਇਤਿਹਾਸਕ ਰੰਗਣ ਪ੍ਰਦਾਨ ਕੀਤੀ ਹੈ। ਜਦੋਂ ਅਸੀਂ ਲੇਖਕਾ ਦੇ ਇਸ ਨਾਵਲ ਨੂੰ ਪੜ੍ਹਦੇ ਹਾਂ ਤਾਂ ਇਤਿਹਾਸ ਦੇ ਯਥਾਰਥ ਰੂਪ ਦਾ ਸਹਿਜੇ ਹੀ ਗਿਆਨ ਹੋ ਜਾਂਦਾ ਹੈ। ਉਹ ਇਤਿਹਾਸ ਜਿਸਨੇ ਕਦੇ ਵਾਪਸ ਨਹੀਂ ਆਉਣਾ, ਉਹ ਵਕਤ ਜੋ ਬੀਤ ਚੁੱਕਿਆ ਹੈ। ਇਸ ਵਿਚ ਲੇਖਕਾ ਨੇ ਉਸ ਸਮੇਂ ਨੂੰ ਆਧਾਰ ਬਣਾਇਆ ਹੈ ਜਿਸ ਸਮੇਂ ਵਿਚ ਜਾਗੀਰਦਾਰੀ ਅਤੇ ਸਾਮੰਤਵਾਦੀ ਸ਼ਕਤੀਆਂ ਸਮਾਜ ਵਿਚ ਸਿਰ ਉਠਾ ਕੇ ਜਿਉਂਦੀਆਂ ਹਨ। ਇਹ ਸ਼ਕਤੀਆਂ ਪੂੰਜੀਵਾਦੀ ਵਿਵਸਥਾ ਅਤੇ ਅਧੁਨਿਕ ਚੇਤਨਾ ਦੀਆਂ ਪ੍ਰਤੀਕ ਹਨ। ਆਜ਼ਾਦੀ ਤੋਂ ਬਾਅਦ ਜਦੋਂ ਜਾਗੀਰਦਾਰੀ ਅਤੇ ਪੂੰਜੀਵਾਦੀ ਵਿਵਸਥਾ ਦਾ ਅੰਤ ਕਰ ਦਿੱਤਾ ਗਿਆ ਤਾਂ ਨਾ ਰਾਜੇ ਹੀ ਰਹੇ ਅਤੇ ਨਾ ਹੀ ਰਾਜ ਦਰਬਾਰਾਂ ਨਾਲ ਸੰਬੰਧਿਤ ਵਜ਼ੀਰ ਅਤੇ ਕਰਮਚਾਰੀ। 'ਲੰਘ ਗਏ ਦਰਿਆ' ਨਾਵਲ ਵਿਚ ਰਜਵਾੜਾਸ਼ਾਹੀ ਜੀਵਨ ਢੰਗ ਦੇ ਵਿਗਠਨ, ਵਿਗਸਣ ਅਤੇ ਵਿਸਰਣ ਦੀ ਕਹਾਣੀ ਹੈ। ਇਹ ਨਾਵਲ ਇਕ ਨਿਵੇਕਲੇ ਅੰਦਾਜ਼ ਵਿਚ ਪੇਸ਼ ਕੀਤਾ ਜਾਪਦਾ ਹੈ। ਵਰਤਮਾਨ ਵਿਚ ਸ਼ੁਰੂ ਹੋ ਕੇ 'ਫਲੈਸ਼ ਬੈਕ' ਦੀ ਵਿਧੀ ਰਾਹੀਂ ਅਤੀਤ ਸਾਹਮਣੇ ਰੂਪਮਾਨ ਹੋ ਜਾਂਦਾ ਹੈ। ਇਸ ਤੋਂ ਪਹਿਲਾਂ ਦਲੀਪ ਕੌਰ ਟਿਵਾਣਾ ਨੇ ਅਜਿਹੀ ਵਿਧੀ ਨੂੰ ਆਪਣੇ ਨਾਵਲਾਂ ਵਿਚ ਨਹੀਂ ਅਪਣਾਇਆ। ਇਸ ਲਈ ਕਿਹਾ ਜਾ ਸਕਦਾ ਹੈ ਕਿ ਇਹ ਦਲੀਪ ਕੌਰ ਟਿਵਾਣਾ ਦੇ ਸਮੁੱਚੇ ਨਾਵਲੀ ਜਗਤ ਵਿਚ ਵੱਖਰਾ ਪ੍ਰਯੋਗ ਹੈ।

'ਕਥਾ ਕੁਕਨੂਸ ਦੀ' ਨਾਵਲ ਪੜ੍ਹਨ ਤੋਂ ਬਾਅਦ ਪਤਾ ਲੱਗਦਾ ਹੈ ਕਿ ਟਿਵਾਣਾ ਦੀ ਨਾਇਕਾ ਉਚਿਤ ਵਰ-ਘਰ, ਆਪਣੇ ਹੱਕਾਂ ਅਤੇ ਸਵੈ ਦੀ ਤਲਾਸ਼ ਦਾ ਲੰਮਾ ਪੈਂਡਾ ਮਾਰਨ ਮਗਰੋਂ 'ਕਥਾ ਕੁਕਨੂਸ ਦੀ' ਤੱਕ ਪਹੁੰਚ ਕੇ ਆਪਣੀ ਭੌਤਿਕ ਹੋਂਦ ਦੇ ਆਧਾਰਾਂ ਨੂੰ ਤਲਾਸ਼ ਕਰਦੀ ਹੈ। ਇਸ ਨਾਵਲ ਦੀ ਇਕ ਪਾਤਰ ਭੂਆ ਗੌਤਮੀ ਇਹੀ ਤਲਾਸ਼ ਕਰਦੀ ਨਜ਼ਰ ਆਉਂਦੀ ਹੈ। ਜੋ ਸੰਸਾਰ ਨੂੰ ਅਤੇ ਆਪਣੇ ਆਪ ਨੂੰ ਔਰਤ ਮਰਦ ਦੇ ਸੰਸਾਰਿਕ ਰਿਸ਼ਤੇ ਤੋਂ ਅਗਾਂਹ ਜਾ ਕੇ ਅਭੌਤਿਕ ਦੁਨੀਆਂ ਵਿਚ ਪਹੁੰਚਣ ਦੀ ਕੋਸ਼ਿਸ਼ ਕਰਦੀ ਰਹਿੰਦੀ ਹੈ। ਟਿਵਾਣਾ ਦਾ ਇਹ ਨਾਵਲ ਉਸਦੀ ਸੂਖਮ ਅਤੇ ਨਵੀਨ ਸ਼ੈਲੀ ਵਾਲੀ ਖੂਬਸੂਰਤ ਸਾਹਿਤਕ ਕਿਰਤ ਹੈ। ਸੰਸਥਾਗਤ ਰਿਸ਼ਤਿਆਂ ਦੀ ਥਾਂ ਸਵੈ ਸਿਰਜਿਤ ਰਿਸ਼ਤਿਆਂ ਦੀ ਸਾਰਥਕਤਾ ਦਰਸਾਉਂਦਾ ਇਹ ਨਾਵਲ ਮਨੁੱਖੀ ਹੋਂਦ ਦੀ ਤਲਾਸ਼ ਵੱਲ ਅਗਰਸਰ ਹੁੰਦਾ ਹੈ। ਇਸ ਸਫ਼ਰ ਦੇ ਅੰਤਲੇ ਪੜਾਅ ਤੱਕ ਪਹੁੰਚਣ ਲਈ ਉਸਨੂੰ ਹੋਰ ਕਿਹੜੇ ਪੜਾਅ ਤੈਅ ਕਰਨੇ ਪੈਣਗੇ, ਇਨ੍ਹਾਂ ਦਾ ਜਵਾਬ ਲੇਖਕ ਦੇ ਅਗਲੇ ਨਾਵਲਾਂ ਵਿਚੋਂ ਮਿਲਣ ਦੀ ਸੰਭਾਵਨਾ ਹੈ।

'ਦੂਨੀ ਸੁਹਾਵਾ ਬਾਗ' ਨਾਵਲ ਰਾਹੀਂ ਦਲੀਪ ਕੌਰ ਟਿਵਾਣਾ ਨੇ ਔਰਤ ਦੇ ਸੱਚ ਨੂੰ ਬਿਆਨ ਕੀਤਾ ਹੈ, ਜਿਨ੍ਹਾਂ ਲਈ ਆਧੁਨਿਕਤਾ ਦਾ ਸੰਕਲਪ ਮਾਨਸਿਕ ਸੋਚ ਦਾ ਅਗਾਂਹਵਧੂ ਹੋਣਾ ਨਹੀਂ ਸਗੋਂ ਪਦਾਰਥਕ ਚੀਜ਼ਾਂ ਦੀ ਪ੍ਰਧਾਨਤਾ ਨੂੰ ਸਵੀਕਾਰਦਿਆਂ ਪਰੰਪਰਾਗਤ ਚੰਗੇ ਅਤੇ ਬੁਰੇ ਸਾਰੇ ਤੱਥਾਂ ਤੋਂ ਮੁਨਕਰ ਹੋਣਾ ਹੈ। ਲੇਖਕਾ ਨੇ ਅਵਨਾਸ਼ ਦੇ ਪਾਤਰ ਰਾਹੀਂ ਵਾਪਰ ਰਹੀਆਂ ਸੱਚਾਈਆਂ ਨੂੰ ਰੂਪਮਾਨ ਕੀਤਾ ਹੈ ਕਿ ਔਰਤ ਵਿਚ ਪੈਦਾ ਹੋ ਰਹੀਆਂ ਗ਼ੈਰ-ਕੁਦਰਤੀ ਪ੍ਰਵਿਰਤੀਆਂ ਨੇ ਇਸਨੂੰ ਆਧੁਨਿਕਤਾ ਦੇ ਭੁਲੇਖੇ ਵਿਚ ਪਾ ਦਿੱਤਾ ਹੈ। ਔਰਤ ਦੀ ਆਜ਼ਾਦੀ ਦੇ ਨਾਂ ਥੱਲੇ ਪੈਦਾ ਹੋ ਰਹੀ ਨਾਰੀ ਲਹਿਰ ਦੇ ਨਾਕਾਰਾਤਮਕ ਪੱਖਾਂ ਨੂੰ ਟਿਵਾਣਾ ਨੇ ਦਲੇਰੀ ਨਾਲ ਰੱਦ ਕੀਤਾ ਹੈ। ਇਸ ਨਾਵਲ ਰਾਹੀਂ ਲੇਖਕਾ ਨੇ ਦਰਸਾਇਆ ਹੈ ਕਿ ਅਜੋਕੀ ਔਰਤ ਆਧੁਨਿਕਤਾ ਦੇ ਸਹੀ ਅਰਥਾਂ ਦੇ ਮਾਰਗ ਤੋਂ ਭਟਕੀ ਹੋਈ ਹੈ। ਵਿਚਾਰਾਂ ਵਿਚਲਾ ਪਰਿਵਰਤਨ ਜੇਕਰ ਸਹੀ ਦਿਸ਼ਾ ਵਿਚ ਨਾ ਹੋਵੇ ਤਾਂ ਉਹ ਵਿਅਕਤੀ ਦੀ ਹੋਂਦ ਨੂੰ ਪਿੱਛੇ ਵੱਲ ਲੈ ਜਾਂਦਾ ਹੈ। ਆਧੁਨਿਕਤਾ ਦਾ ਅਰਥ ਇਹ ਨਹੀਂ ਕਿ ਅਸੀਂ ਪਰੰਪਰਾ ਨੂੰ ਤਿਆਗ ਕੇ ਹੀ ਨਵਾਂ ਕੁਝ ਸਿੱਖ ਜਾਂ ਕਰ ਸਕਦੇ ਹਾਂ, ਲੋੜ ਹੈ ਕਿ ਪਰੰਪਰਾ ਦੀਆਂ ਚੰਗੀਆਂ ਗੱਲਾਂ ਨੂੰ ਅਪਣਾ ਕੇ ਨਵੀਨਤਾ ਦੇ ਸੰਦਰਭ ਵਿਚ ਉਨ੍ਹਾਂ ਨੂੰ ਵਰਤਿਆ ਅਤੇ ਸਾਂਭਿਆ ਜਾਵੇ। ਪੱਛਮੀ ਸੱਭਿਆਚਾਰ ਦੇ ਅਧੀਨ ਔਰਤ ਵਿਚ ਆਈ ਆਧੁਨਿਕਤਾ ਸਮਾਜਿਕ ਬੰਧਨਾਂ ਤੋਂ ਮੁਕਤ ਹੋ ਕੇ ਜੀਣ ਦੀ ਚੇਤਨਾ ਹੈ। ਇਹੀ ਆਜ਼ਾਦੀ ਉਸਦੇ ਲਈ ਘਾਤਕ ਸਿੱਧ ਹੁੰਦੀ ਹੈ।

'ਕਥਾ ਕਹੋ ਉਰਵਸ਼ੀ' ਦਲੀਪ ਕੌਰ ਟਿਵਾਣਾ ਦੀ ਬਹੁਤ ਹੀ ਮਹੱਤਵ ਪੂਰਨ ਰਚਨਾ ਹੈ। ਇਸ ਨਾਵਲ ਤੇ ਉਸਨੂੰ **ਸਰਸਵਤੀ** ਐਵਾਰਡ ਵੀ ਮਿਲ ਚੁੱਕਾ ਹੈ। ਇਸ ਨਾਵਲ ਲਈ ਵਿਲੱਖਣਤਾ ਇਸ ਗੱਲ ਵਿਚ ਹੈ ਕਿ ਉਸਨੇ ਨਾਰੀ ਦੇ ਰੂਪ ਨੂੰ ਨਵੇਂ ਦ੍ਰਿਸ਼ਟੀਕੋਣ ਅਤੇ ਨਵੀਆਂ ਡੂੰਘਾਣਾਂ ਨਾਲ ਵਾਚਿਆ ਹੈ। ਇਹ ਨਾਵਲ ਲੇਖਕਾ ਦੀ ਸੋਚ ਦੀ ਸਿਖਰ ਦਰਸਾਉਂਦਾ ਹੈ। ਇਸ ਵਿਚ ਲੇਖਕਾ ਇਕ ਵੱਖਰੇ ਦ੍ਰਿਸ਼ਟੀਕੋਣ ਤੋਂ ਨੇ ਇਸਤਰੀ ਮਨ ਦੀਆਂ ਤਹਿਆਂ ਨੂੰ ਬਾਰੀਕੀ ਨਾਲ ਚਿਤਰਿਆ ਹੈ। ਇਹ ਨਾਵਲ ਇਕ ਅਜਿਹੀ ਰਚਨਾ ਹੈ ਜੋ ਇਤਿਹਾਸ, ਮਿਥਿਹਾਸ ਅਤੇ ਸਮਾਜਿਕ ਪ੍ਰਸੰਗਾਂ ਨੂੰ ਨਵੀਨ ਅੰਤਰ ਦ੍ਰਿਸ਼ਟੀਆਂ ਤੋਂ ਪੇਸ਼ ਕਰਦੀ ਹੈ। ਟਿਵਾਣਾ ਨੇ ਆਪਣੇ ਇਸ ਨਾਵਲ ਵਿਚ ਔਰਤ ਦੇ ਨਵੇਂ ਕਿਰਦਾਰ ਨੂੰ ਡੂੰਘੇ ਅਵਚੇਤਨ ਨਾਲ ਵਾਚਿਆ ਅਤੇ ਭਰਪੂਰ ਮਨੋਵਿਗਿਆਨਕ ਵਿਸ਼ਲੇਸ਼ਣ ਤੋਂ ਬਾਅਦ ਲਿਖਿਆ ਹੈ। ਅਲਕਾ ਦਾ ਚਰਿੱਤਰ ਚਿਤਰਦਿਆਂ ਉਸਨੇ ਮਨੋਵਿਗਿਆਨਕ ਅੰਸ਼ਾਂ ਨੂੰ ਵੀ ਸਾਹਮਣੇ ਰੱਖਿਆ ਹੈ ਕਿ ਕਿਵੇਂ ਜਦੋਂ ਕਿਸੇ ਵਿਅਕਤੀ ਦੇ ਧੁਰ ਅੰਦਰ ਕੋਈ ਵਹਿਮ ਡੂੰਘਾ ਬਸ ਜਾਵੇ ਤਾਂ ਵਿਅਕਤੀ ਆਪਣੇ ਸਰਵਨਾਸ਼ ਦਾ ਕਾਰਨ ਵੀ ਆਪ ਹੀ ਬਣ ਜਾਂਦਾ ਹੈ। ਇਸ ਨਾਵਲ ਦੇ ਸਮੁੱਚੇ ਵਖਰੇਵੇਂ ਕਾਰਨ ਵੀ ਇਸਨੂੰ ਟਿਵਾਣਾ ਦੀ ਖੂਬਸੂਰਤ ਸਾਹਿਤਕ ਕ੍ਰਿਤ ਮੰਨਿਆ ਜਾ ਸਕਦਾ ਹੈ।

'ਭਉਜਲ' ਦਲੀਪ ਕੌਰ ਟਿਵਾਣਾ ਦਾ ਨਵਾਂ ਨਾਵਲ ਹੈ। ਇਸਨੂੰ ਅਸੀਂ ਨਾਵਲ ਦੀ ਥਾਂ ਜੇਕਰ ਨਵਾਂ ਪ੍ਰਯੋਗ ਕਹਿ ਲਈਏ ਤਾਂ ਜ਼ਿਆਦਾ ਢੁਕਵਾਂ ਹੈ। ਇਹ ਪੂਰਾ ਨਾਵਲ ਕੇਵਲ ਦੋ ਖ਼ਤਾਂ ਦੇ ਰੂਪ ਵਿਚ ਹੈ। ਟਿਵਾਣਾ ਨੇ ਇਸ ਨਾਵਲ ਵਿਚ ਬੇਸ਼ੁਮਾਰ ਪ੍ਰਸ਼ਨ ਕੀਤੇ ਅਤੇ ਪਾਠਕਾਂ ਨੇ ਵੀ ਉਸ ਦੇ ਨਾਲ ਉਨ੍ਹਾਂ ਪ੍ਰਸ਼ਨਾਂ ਦੇ ਉੱਤਰ ਲੱਭਣ ਲਈ ਖੋਜ ਕੀਤੀ ਹੈ। ਇਹ ਨਾਵਲ ਪਾਠਕ ਦੀ ਚੇਤਨਾ ਨਾਲ ਕਈ ਦਾਰਸ਼ਨਿਕ ਪ੍ਰਸ਼ਨਾਂ ਨੂੰ ਵੀ ਜੋੜਦਾ ਹੈ। ਸੋ ਲੋੜ ਹੈ ਇਸ ਨਾਵਲ ਨੂੰ ਮਾਨਸਿਕ ਚੇਤਨਾ ਅਤੇ ਅੰਤਰ ਦ੍ਰਿਸ਼ਟੀ ਨਾਲ ਪੜ੍ਹਨ ਦੀ। 'ਭਉਜਲ' ਨਾਵਲ ਟਿਵਾਣਾ ਦੀਆਂ ਦਾਰਸ਼ਨਿਕ ਬਿਰਤੀਆਂ ਦੀ ਸੋਝੀ ਦੇ ਨਾਲ-ਨਾਲ ਉਸਦੀ ਰਿਸ਼ਤਿਆਂ ਨੂੰ ਤੀਖਣਤਾ ਨਾਲ ਵੇਖਣ ਵਾਲੀ ਅੱਖ ਦੇ ਸੂਹਜ ਨੂੰ ਵੀ ਦਰਸਾਉਂਦਾ ਹੈ।

'ਮੋਹ ਮਾਇਆ' ਨਾਵਲ ਦੀ ਰਚਨਾ ਦਲੀਪ ਕੌਰ ਟਿਵਾਣਾ ਨੇ ਆਪਣੇ ਆਮ ਨਾਵਲਾਂ ਦੀ ਲੀਹ ਤੋਂ ਹਟ ਕੇ ਕੀਤੀ। ਲੇਖਕਾ ਦੀ ਗਲਪ ਚੇਤਨਾ ਦਾ ਪੈਰਾਡਾਈਮ ਨਾਰੀ ਚੇਤਨਾ ਹੈ ਅਤੇ ਉਹ ਆਪਣੇ ਨਾਵਲਾਂ ਵਿਚ ਆਮ ਕਰਕੇ ਔਰਤ ਦੀ ਵੱਖ-ਵੱਖ ਤ੍ਰਾਸਦਿਕ ਸਥਿਤੀਆਂ ਨੂੰ ਹੀ ਪ੍ਰਗਟ ਕਰਦੀ ਹੈ। 'ਮੋਹ-ਮਾਇਆ' ਨਾਵਲ ਅਜਿਹੀ ਰਚਨਾ ਹੈ, ਜਿਸ ਵਿਚਲਾ ਘਟਨਾ ਕ੍ਰਮ ਕੈਨੇਡਾ ਦੀ ਧਰਤੀ ਤੇ ਵਾਪਰਦਾ ਹੈ। ਹੋਰਨਾਂ ਨਾਵਲਾਂ ਦੀ ਤਰ੍ਹਾਂ ਇਸ ਵਿਚ ਔਰਤ ਹੀ ਕੇਂਦਰੀ ਪਾਤਰ ਹੈ ਅਤੇ ਸਾਰਾ ਘਟਨਾ ਕ੍ਰਮ ਉਸ ਦੁਆਲੇ ਹੀ ਘੁੰਮਦਾ ਹੈ। 'ਮੋਹ ਮਾਇਆ' ਨਾਵਲ ਵਿਚ ਉਸਨੇ ਤਿੰਨ ਪੀੜ੍ਹੀਆਂ ਨੂੰ ਪੇਸ਼ ਕੀਤਾ ਹੈ ਜੋ ਵੱਖਰੇ-ਵੱਖਰੇ ਸਭਿਆਚਾਰਕ ਸਮਾਜਿਕ ਹਾਲਤਾਂ ਨੂੰ ਪੇਸ਼ ਕਰਦੀਆਂ ਹਨ। ਲੇਖਕਾ ਨੇ ਨਾਵਲ ਵਿਚ ਪੱਛਮੀ ਅਤੇ ਪੰਜਾਬੀ ਸਭਿਆਚਾਰ ਦਾ ਟਕਰਾ ਪੇਸ਼ ਕੀਤਾ ਹੈ। ਨਾਵਲ ਵਿਚ 'ਪੰਜਾਬ ਕੌਰ' ਪੰਜਾਬੀ ਸਭਿਆਚਾਰ ਨੂੰ ਪੇਸ਼ ਕਰਦੀ ਹੈ। ਪੰਜਾਬ ਕੌਰ ਦੀ ਨੂੰਹ ਕੁਲਜੀਤ ਜੋ ਕਿ ਆਪਣੇ ਪਰਿਵਾਰ ਨਾਲ ਕੈਨੇਡਾ 'ਚ ਰਹਿੰਦੀ ਹੈ, ਉਹ ਪੰਜਾਬੀ ਤੇ ਪੱਛਮੀ ਦੋਵਾਂ ਸਭਿਆਚਾਰਾਂ ਦਾ ਸੁਮੇਲ ਹੈ। ਪੰਜਾਬ ਕੌਰ ਦੀ ਪੋਤੀ ਰੋਜ਼ੀ ਜੋ ਕਿ ਪੱਛਮੀ ਸਭਿਆਚਾਰ 'ਚ ਹੀ ਪਲੀ ਹੈ ਅਤੇ ਉਸ ਸਭਿਆਚਾਰ ਦੀ ਪ੍ਰਤੀਨਿਧਤਾ ਕਰਦੀ ਹੈ। ਫਿਰ ਵੀ ਉਹ ਆਪਣੇ ਪਰੰਪਰਕ ਸੰਸਕਾਰਾਂ ਨਾਲ ਜੁੜੀ ਹੋਈ ਹੈ। ਪੰਜਾਬ ਕੌਰ ਜੋ ਕਿ ਪਿੰਡ 'ਚ ਰਹਿੰਦੀ ਹੈ ਆਪਣੇ ਪੁੱਤਰ ਦੇ ਕਹਿਣ ਤੇ ਕੈਨੇਡਾ ਜਾਂਦੀ ਹੈ ਪਰ ਉਸਨੂੰ ਉਥੋਂ ਦੀਆਂ ਸਭਿਆਚਾਰਕ ਅਤੇ ਸਮਾਜਿਕ ਕਦਰਾਂ ਕੀਮਤਾਂ ਅਨੈਤਿਕ ਜਾਪਦੀਆਂ ਹਨ। ਉਹ ਚਾਹੁੰਦੀ ਹੈ ਕਿ ਉਸਦਾ ਪੁੱਤਰ ਆਪਣੇ ਪਰਿਵਾਰ ਨਾਲ ਵਾਪਸ ਪਿੰਡ ਆ ਜਾਵੇ। ਪੰਜਾਬ ਕੌਰ ਆਪਣੇ ਨਾਮ ਵਾਂਗ ਪੂਰੇ ਪੰਜਾਬ ਨੂੰ ਪੇਸ਼ ਕਰਦੀ ਹੈ। ਉਸਦਾ ਪੁੱਤਰ ਕੇਵਲ ਆਪਣੀ ਘਰਵਾਲੀ ਕੁਲਜੀਤ ਅਤੇ ਬੱਚਿਆਂ (ਰੋਜ਼ੀ ਤੇ ਬਿੱਲੂ) ਨਾਲ ਕੈਨੇਡਾ ਵਿਚ ਰਹਿੰਦਾ ਹੈ। ਕੈਨੇਡਾ ਵਿਚ ਰਹਿੰਦੇ ਹੋਏ ਉਹ ਨਾ ਤਾਂ ਪੱਛਮੀ ਸਭਿਆਚਾਰ ਅਪਨਾ ਸਕਿਆ ਹੈ ਅਤੇ ਨਾ ਹੀ ਆਪਣੇ ਪ੍ਰੰਪਰਿਕ ਸੰਸਕਾਰਾਂ ਤੋਂ ਛੁਟਕਾਰਾ ਪਾ ਸਕਿਆ ਹੈ। ਵਿਦੇਸ਼ ਵਿਚ ਰਹਿੰਦਿਆਂ ਉਹ ਪੈਸੇ ਪਿੱਛੇ ਹੀ ਭੱਜਦਾ ਰਿਹਾ। ਉਸ ਕੋਲ ਆਪਣੇ ਬਾਰੇ ਸੋਚਣ ਲਈ ਵੀ ਸਮਾਂ ਨਹੀਂ ਪਰ ਉਸ ਵਿਚ ਆਪਣੀ ਬੇਬੇ ਲਈ ਬਹੁਤ ਮੋਹ ਹੈ। ਨਾਵਲ ਦਾ ਸਿਰਲੇਖ '**ਮੋਹ ਮਾਇਆ**' ਇਕ ਬਹੁਤ ਵੱਡਾ ਪ੍ਰਤੀਕ ਹੈ ਜੋ ਇਨ੍ਹਾਂ ਦੋਵਾਂ ਸਭਿਆਚਾਰਾਂ ਨੂੰ ਹੀ ਪ੍ਰਤੀਬਿੰਬਤ ਕਰਦਾ ਹੈ। ਪੰਜਾਬ ਕੌਰ ਜਿਸ ਵਿਚ ਆਪਣੇ ਬੱਚਿਆਂ ਲਈ ਆਪਣੀ ਧਰਤੀ, ਦੇਸ਼, ਪਿੰਡ ਅਤੇ ਪ੍ਰਕਿਰਤੀ ਪ੍ਰਤੀ ਮੋਹ ਹੈ ਅਤੇ ਵਿਦੇਸ਼ 'ਚ ਰਹਿੰਦੇ ਭਾਰਤੀ ਲੋਕ **ਮੋਹ** ਨੂੰ ਤਿਆਗ ਕੇ ਮਾਇਆ ਪਿੱਛੇ ਭੱਜਦੇ ਹਨ। ਇਹ ਨਾਵਲ ਟਿਵਾਣਾ ਦੇ ਪਹਿਲੇ ਨਾਵਲਾਂ ਨਾਲੋਂ ਵਿਸ਼ੇ ਪੱਖੋਂ ਕੁਝ ਕੁ ਵੱਖਰਾ ਹੈ। ਇਸ ਨਾਵਲ ਤੋਂ ਪਹਿਲਾਂ ਆਏ ਨਾਵਲਾਂ ਵਿਚ ਉਸਨੂੰ ਔਰਤ ਦੀ ਸਮਾਜਿਕ ਸਥਿਤੀ ਅਤੇ ਉਸ ਦੀਆਂ ਮਾਨਸਿਕ ਗੁੰਝਲਾਂ ਨੂੰ ਕੇਂਦਰ ਵਿਚ ਰੱਖਿਆ ਹੈ। '**ਮੋਹ ਮਾਇਆ**' ਨਾਵਲ ਵਿਚ ਵੀ ਕੇਂਦਰੀ ਪਾਤਰ ਔਰਤ ਹੀ ਹੈ ਜਿਸ ਰਾਹੀਂ ਉਸਨੇ ਪ੍ਰਵਾਸੀ ਜੀਵਨ ਅਤੇ ਪੱਛਮੀ ਸਭਿਆਚਾਰਕ ਸਥਿਤੀਆਂ ਦਾ ਭਾਰਤੀ ਸਭਿਆਚਾਰਕ ਸਥਿਤੀਆਂ ਨਾਲੋਂ ਵਖਰੇਵਾਂ ਪੇਸ਼ ਕੀਤਾ ਹੈ।

'ਪੌਣਾਂ ਦੀ ਜਿੰਦ ਮੇਰੀ' ਨਾਵਲ ਪਤੀ ਪਤਨੀ ਦੇ ਰਿਸ਼ਤੇ ਦੀਆਂ ਆਪਸੀ ਬੁਨਿਆਦੀ ਸਾਂਝ, ਸੋਚਾਂ, ਭਾਵਨਾਵਾਂ ਅਤੇ ਉਨ੍ਹਾਂ ਦੇ ਅੰਤਰਮੁਖੀ ਅਤੇ ਬਾਹਰਮੁਖੀ ਸੰਬੰਧਾਂ ਨੂੰ ਦਰਸਾਉਂਦਾ ਹੈ ਅਤੇ ਵਰਤਮਾਨ ਸਮੇਂ ਵਿਚ ਉਨ੍ਹਾਂ ਦੇ ਆਪਸੀ ਰਿਸ਼ਤਿਆਂ ਵਿਚਕਾਰ ਆਈ ਨਿੱਘ ਦੀ ਕਮੀ ਅਤੇ ਪ੍ਰਸਪਰ ਵਿਚਾਰਾਂ ਦੇ ਬੇਮੇਲ ਨੂੰ ਉਭਾਰਦਾ ਹੈ। ਲੇਖਕਾ ਦੇ ਬਾਕੀ ਨਾਵਲਾਂ ਵਾਂਗ ਇਸ ਨਾਵਲ ਵਿਚ ਵੀ ਔਰਤ ਤ੍ਰਾਸਦਿਕ ਸੰਵੇਦਨਾ ਨੂੰ ਉਭਾਰਿਆ ਗਿਆ ਹੈ ਅਤੇ ਇਸ ਤ੍ਰਾਸਦੀ ਪਿਛੇ ਕਾਰਜਸ਼ੀਲ ਮਰਦ ਪ੍ਰਧਾਨ ਸਮਾਜ ਦੀ ਪਰੰਪਰਾਵਾਦੀ ਜਾਗੀਰੂ

ਸੋਚ ਨੂੰ ਜ਼ਿੰਮੇਵਾਰ ਠਹਿਰਾਇਆ ਗਿਆ ਹੈ। ਟਿਵਾਣਾ ਜਿਸ ਅਰਥ ਦਾ ਸੰਚਾਰ ਕਰਨਾ ਚਾਹੁੰਦੀ ਹੈ, ਉਹ ਇਹ ਹੈ ਕਿ ਘਰ ਤਿਆਗਣ ਦੇ ਮਰਦ ਦੇ ਫੈਸਲੇ ਬਾਅਦ ਵੀ ਘਰ ਨਹੀਂ ਟੁੱਟਦੇ ਪਰੰਤੂ ਔਰਤ ਦੇ **ਘਰ** ਨਾਂ ਦੇ ਸੰਕਲਪ ਨੂੰ ਤਿਆਗਣ ਉਤੇ ਸਮਾਜ ਦਾ ਬੰਧਨ ਪ੍ਰਧਾਨ ਢਾਂਚਾ ਖੇਰੂੰ-ਖੇਰੂੰ ਹੋ ਜਾਂਦਾ ਹੈ।

**ਟਿੱਪਣੀਆਂ ਤੇ ਹਵਾਲੇ**


1. ਡਾ. ਤਾਰਾ ਸਿੰਘ, ਦਲੀਪ ਕੌਰ ਟਿਵਾਣਾ ਦਾ ਨਾਵਲ ਜਗਤ : ਪਰੰਪਰਾ ਅਤੇ ਆਧੁਨਿਕਤਾ ਦਾ ਸੰਵਾਦ, ਪੰਨਾ-15.
2. ਦਲੀਪ ਕੌਰ ਟਿਵਾਣਾ, ਅਗਨੀ ਪ੍ਰੀਖਿਆ, ਪੰਨਾ-1.
3. ਡਾ. ਤਾਰਾ ਸਿੰਘ, ਦਲੀਪ ਕੌਰ ਟਿਵਾਣਾ ਦਾ ਨਾਵਲ ਜਗਤ : ਪਰੰਪਰਾ ਅਤੇ ਆਧੁਨਿਕਤਾ ਦਾ ਸੰਵਾਦ, ਪੰਨਾ-24.
4. ਜੋਗਿੰਦਰ ਸਿੰਘ ਰਾਹੀ, ਪੰਜਾਬੀ ਨਾਵਲ, ਪੰਨਾ-185.
5. -ਉਹੀ-, ਪੰਨਾ-186.
6. ਡਾ. ਤਾਰਾ ਸਿੰਘ, ਦਲੀਪ ਕੌਰ ਟਿਵਾਣਾ ਦਾ ਨਾਵਲ ਜਗਤ : ਪਰੰਪਰਾ ਅਤੇ ਆਧੁਨਿਕਤਾ ਦਾ ਸੰਵਾਦ, ਪੰਨੇ-54-55.
7. ਡਾ. ਹਰਿਭਜਨ ਸਿੰਘ, ਇਕ ਖ਼ਤ ਤੇਰੇ ਨਾਂ, ਪੰਨਾ-93.
8. ਦਲੀਪ ਕੌਰ ਟਿਵਾਣਾ, ਧੁੱਪ ਛਾਂ ਤੇ ਰੁੱਖ, ਪੰਨਾ-26